ੴ ਸਤਿਗੁਰ ਪ੍ਰਸਾਦਿ॥

ਗੁਰਬਾਣੀ ਵਿਆਕਰਣ

GURBANI VIAKARAN

(A Comprehensive Course in Gurbani Grammar)

Centre of DIVINE knowledge

To know your Guru is to Love your Guru

Prepared & Published by:

Sri Guru Granth Sahib Ji Academy

ਗੁਰਬਾਣੀ ਵਿਆਕਰਣ

Gurbani Viakaran

MODULE 1

Content

1.0 Sri Guru Granth Sahib Ji's Gurbani

2.0 Need for the knowledge of Viakaran (Grammar).

3.0 ਸ਼ਬਦਾਂ ਦੀ ਵੰਡ (Division of Words in Grammar)

4.0 ਮੁਕਤਾ (Mukta)

4.1 ਇਕ–ਵਚਨ ਅਤੇ ਬਹੁ–ਵਚਨ (Singular & Plural)

4.1.1 ਵਿਸ਼ੇਸ਼ਣ (Adjective)

4.2 ਇਸਤ੍ਰੀ–ਲਿੰਗ ਨਾਵਾਂ (Feminine Nouns)

4.2.1 ਵਿਸ਼ੇਸ਼ਣ (Adjective)

4.3 ਸੰਬੋਧਨ ਕਾਰਕ (Vocative Case)

4.4 ਸੰਬੰਧ ਕਾਰਕ (Possessive Case)

4.5 ਸੰਬੰਧਕੀ ਪਦ (Prepositions)

1.0. Sri Guru Granth Sahib Ji's Gurbani

It is the opinion of ordinary people that the syllables used in the end of words written in Sri Guru Granth Sahib Ji has no significants in denoting the respective meanings. However, after in depth study one shall realise that each and every syllable written on the last consonant of a word not only has a specific order but also defines the meaning of the word which relates to the overall meaning of the sentence.

Ignorance of the above fact results the misinterpretation of the meaning as well as the wrong pronunciation of Gurbani. This further leads to the errors in printing of Gurbani which misses out the syllables and the subscript consonants and numbers.

The result of the above trend will have a great impact on the future generations as the authentic meanings of Gurbani will be lost and many may interpret Gurbani baselessly and directed to the writer's opinion. This will cause enormous damage in Gurbani reading as well as understanding.

Sri Guru Granth Sahib Ji Academy has emerged to educate and enhance the knowledge of Gurbani through authentic and approved approach in reviving the concepts as well as the practices in reading and understanding Gurbani. Therefore this module aims to understand in depth the grammar of Gurbani.

2.0 Need for the knowledge of Viakaran (Grammar).

1. To appreciate the grammar of Gurbani by understanding the principals of the composition
2. To learn technique of grammer used in Gurbani.
3. To understand the meanings of words through grammatical approach adopted in Gurbani.
4. To appreciate Gurbani with the correct pronunciation and punctuation in accordance to the grammatical rules.
5. To have enough knowledge of the structure of Sri Guru Granth Sahib Ji in terms of its marvellous and outstanding

literature which completes the entire world's knowledge and goes beyond boundaries of excellent compositions.

3.0 ਸ਼ਬਦਾਂ ਦੀ ਵੰਡ (Division of Words in Grammar)

ਨਾਂਵ (Noun)	-	**ਜੋ ਸ਼ਬਦ ਕਿਸੇ ਵਿਸ਼ੇਸ਼ ਜੀਵ, ਥਾਂ ਜਾਂ ਵਸਤੂ ਦਾ ਗਿਆਨ ਕਰਾਵੇ, ਉਸ ਨੂੰ ਨਾਂਵ ਆਖਦੇ ਹਨ। ਜਿਵੇਂ :- ਮੋਹਨ, ਘਰ, ਕੁਰਸੀ, ਸੰਤ, ਮਨ, ਅੰਨ੍ਹਾ, ਬਾਬਾ ਆਦਿ।** A word (other than a pronoun) or group of words used to name or identify any of a class of persons, places, or things (common noun), or a particular one of these (proper noun).
ਪੜਨਾਂਵ (Pronoun)	-	**ਜਿਹੜ ਸ਼ਬਦ ਨਾਂਵ ਦੀ ਥਾਂ ਵਰਤੇ ਜਾਣ, ਉਸ ਨੂੰ ਪੜਨਾਂਵ ਆਖਦੇ ਹਨ। ਜਿਵੇ:- ਮੈਂ, ਅਸੀਂ, ਤੂੰ, ਤੁਸੀਂ, ਅਤੇ ਉਹ ਆਦਿ।** A word used instead of a noun already mentioned or known, esp. to avoid repetition (e.g. we, their, this, ourselves).
ਇਕਵਚਨ (Singular)	-	**ਜਦੋ ਕੋਈ ਸ਼ਬਦ ਕੇਵਲ ਇਕ ਵਸਤੂ ਜਾਂ ਜੀਵ ਦਾ ਗਿਆਨ ਕਰਾਵੇ ਤਾਂ ਇਸ ਨੂੰ ਇਕਵਚਨ ਆਖਦੇ ਹਨ। ਜਿਵੇ:- ਅੱਖ, ਪੁੱਤ੍ਰ, ਥਾਲੀ।** A singular word or form.
ਬਹੁਵਚਨ (Plural)	-	**ਜਦੋਂ ਕੋਈ ਸ਼ਬਦ ਇਕ ਤੋਂ ਜ਼ਿਆਦਾ ਵਸਤੂਆਂ ਜਾਂ ਜੀਵਾਂ ਦਾ ਗਿਆਨ ਕਰਾਵੇ ਤੋਂ ਉਸਨੂੰ ਬਹੁਵਚਨ ਆਖਦੇ ਹਾਂ। ਬਿੰਦੀ ਸਹਿਤ ਕੰਨਾ ਬਹੁਵਚਨ ਬਣਾਉਂਦਾ ਹੈ। ਜਿਵੇ:- ਗੁਰਸਿੱਖਾਂ, ਭਾਈਆਂ, ਰਾਗਾਂ, ਭਗਤਾਂ ਆਦਿ। ਬਹੁਵਚਨੀ ਨਾਂਵਾਂ ਅਤੇ ਸੰਬੋਧਕਾਂ ਦੀ ਬਿਹਾਰੀ ਦਾ ਉਚਾਰਣ ਬਿੰਦੀ ਸਹਿਤ ਕਰਨ ਨਾਲ ਇਸ ਨੂੰ ਬਹੁਵਚਨ ਬਣਾਉਂਦਾਂ ਹੈ। ਜਿਵੇ:- ਪੁਤ੍ਰੀਂ, ਗੁਰਸਿਖੀਂ, ਚਹੁਚਕੀਂ, ਆਦਿ।** (of a word or form) Denoting more than one.

ਪੁਲਿੰਗ (Masculine)	-	**ਜਦੋਂ ਕਿਸੇ ਸ਼ਬਦ ਤੋਂ ਪੁਰਖਵਾਚਕ ਜੀਵਾਂ ਜਾਂ ਵਸਤੂ ਦਾ ਗਿਆਨ ਹੋਵੇ ਤਾਂ ਇਸ ਨੂੰ ਪੁਲਿੰਗ ਆਖਦੇ ਹਨ। ਜਿਵੇਂ :- ਲੜਕਾ, ਘੋੜਾ।** Of or denoting the gender proper to words or grammatical forms classified as male.
ਇਸਤ੍ਰੀਲਿੰਗ (Feminine)	-	**ਜਦੋਂ ਕਿਸੇ ਸ਼ਬਦ ਤੋਂ ਮਾਦਾ ਭਾਵ ਵਾਲੇ ਜੀਵ / ਜੀਵਾਂ ਜਾਂ ਵਸਤੂ / ਵਸਤੂਆਂ ਦਾ ਗਿਆਨ ਹੋਵੇ, ਤਾਂ ਇਸ ਨੂੰ ਇਸਤ੍ਰੀਲਿੰਗ ਆਖਦੇ ਹਨ। ਜਿਵੇ:- ਲੜਕੀ, ਘੋੜੀ, ਕੁਰਸੀ, ਰਾਣੀ ਆਦਿ।** Of or denoting the gender proper to words or grammatical forms classified as female.
ਪੁਰਖ	-	**ਉੱਤਮ ਪੁਰਖ** (First Person) **ਜਿਵੇਂ :- ਮੈਂ ਅਤੇ ਅਸੀਂ।** **ਮਧਮ ਪੁਰਖ** (Second Person) **:- ਤੂੰ ਅਤੇ ਤੁਸੀਂ।** **ਅਨਯ ਪੁਰਖ** (Third Person) **:- ਉਹ, ਉਸ, ਉਹਨਾਂ, ਆਦਿ।**
ਸਬੰਧਕ (Preposition)	-	**ਜਿਹੜਾ ਸ਼ਬਦ ਨਾਂਵ / ਪੜਨਾਂਵ / ਵਿਸ਼ੇਸ਼ਣ ਨਾਲ ਆਕੇ ਇਹਨਾਂ ਦਾ ਸਬੰਧ ਦੂਸਰੇ ਆਏ ਸ਼ਬਦਾਂ ਨਾਲ ਬਣਾਵੇ, ਉਸ ਨੂੰ ਸਬੰਧਕ ਆਖਦੇ ਹਨ। ਜਿਵੇਂ :- ਕਾ, ਕੇ, ਕੀ, ਦਾ, ਦੇ, ਦੀ, ਨੂੰ, ਨਾਲ, ਨੇੜੇ, ਦੂਰ ਆਦਿ।** A word governing (and usu. preceding) a noun or pronoun and expressing a relation to another word or element, e.g. 'came *after* dinner', 'what did you do it *for*'.
ਯੋਜਕ (ਕਾਰਕ) (Conjuction)	-	**ਜੋ ਦੋ ਸ਼ਬਦਾਂ ਜਾਂ ਵਾਕਾਂ ਨੂੰ ਆਪਸ ਵਿੱਚ ਜੋੜੇ, ਉਸ ਨੂੰ ਯੋਜਕ ਆਖਦੇ ਹਨ। ਜਿਵੇਂ:- ਅਤੇ, ਪਰ, ਤਾਂ, ਕਿਉਂਕਿ, ਜੇਕਰ ਆਦਿ।** A word used to connect clauses or sentences or words in the same clause (e.g. and, but, if).
ਸੰਬੋਧਕ	-	**ਕਿਸੇ ਵਿਸ਼ੇਸ਼ ਵਿਅਕਤੀ ਨੂੰ ਸੰਬੋਧਨ ਕਰਨ ਲਈ ਵਰਤਿਆ ਗਿਆ ਸ਼ਬਦ,** (To call upon someone) **ਸੰਬੋਧਕ ਆਖਿਆ ਜਾਂਦਾ ਹੈ;**

		ਜਿਵੇਂ :- ਮੋਹਨ, ਪ੍ਰੀਤਮਾ, ਅੰਧੇ, ਮੁੜੇ, ਜਿੰਦੁੜੀਏ ਆਦਿ। ਇਸ ਤੋਂ ਬਾਅਦ ' ! ' ਵਿਸਮਿਕ ਦਾ ਚਿੰਨ੍ਹ ਲਗਾਇਆ ਜਾਂਦਾ ਹੈ।
ਵਿਸ਼ੇਸ਼ਣ (Adjectives)	-	ਜੋ ਸ਼ਬਦ ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ ਕਰੇ, ਉਸ ਨੂੰ ਵਿਸ਼ੇਸ਼ਣ ਆਖਦੇ ਹਨ। ਜਿਵੇਂ :- ਛੋਟਾ, ਮੋਟਾ, ਕਾਲਾ, ਮੈਲਾ ਆਦਿ। A word or phrase naming an attribute, added to or grammatically related to a noun.
ਕਿਰਿਆ (Verb)	-	ਜੋ ਸ਼ਬਦ ਕਿਸੇ ਕੰਮ ਦੇ ਹੋਣ ਨੂੰ ਪ੍ਰਗਟ ਕਰੇ; ਜਿਵੇ :- ਬੈਠਣਾ, ਖਾਨਾ, ਸੁਣਨਾ, ਆਦਿ। ਕਿਰਿਆ, ਇਕਵਚਨ, ਬਹੁਵਚਨ,ਇਸਤ੍ਰੀਲਿੰਗ, ਪੁਲਿੰਗ ਅਤੇ ਕਾਲ ਅਨੁਸਾਰ ਵਰਤੀ ਜਾਂਦੀ ਹੈ। ਇਸ ਕਰਕੇ ਇਸ ਦਾ ਉਚਾਰਣ ਬਹੁਤ ਧਿਆਨ ਮੰਗਦਾ ਹੈ। 'ਕਿਰਿਆ' ਆਗਿਆ, ਹੁਕਮ, ਬੇਨਤੀ, ਇੱਛਾ, ਆਦਿ ਨੂੰ ਪ੍ਰਗਟ ਕਰਦੀ ਹੈ। ਜਿਵੇਂ :- ਤੁਸੀ ਨਾਮ ਜਪੋ। ਤੂੰ ਸਕੂਲ ਜਾ। ਜਾਣਾ ਕਿਰਆ ਹੈ ਪਰ 'ਜਾ' ਹੁਕਮੀ ਕਿਰਿਆ ਹੈ। ਮੈਨੂੰ ਪਾਣੀ ਦੇ ਅਤੇ ਮੈਨੂੰ ਦੋ ਰੁਪਏ ਦਿਓ ਆਦਿ ਵਿੱਚ ਦੇ ਅਤੇ ਦਿਓ ਕਿਰਿਆ, ਹੁਕਮ ਅਤੇ ਬੇਨਤੀ ਦਰਸਾਉਂਦੀਆਂ ਹਨ। A word used to indicate an action, state, or occurrence, and forming the main part or the predicate of a sentence (e.g. hear, be, happen).
ਕਿਰਿਆ ਵਿਸ਼ੇਸ਼ਣ (Adverb)	-	ਜੋ ਸ਼ਬਦ ਕਿਸੇ ਕਿਰਿਆ ਦੀ ਵਿਸ਼ੇਸ਼ਤਾ ਦੱਸਦੇ ਹਨ।ਜਿਵੇਂ:- ਤੇਜ਼ ਦੌੜਨਾ, ਸਵੇਰੇ ਜਾਗਣਾ, ਥੋੜ੍ਹਾ ਖਾਣਾ ਆਦਿ। ਇਥੇ ਤੇਜ਼, ਸਵੇਰ ਅਤੇ ਥੋੜ੍ਹਾ ਕਿਰਿਆ ਵਿਸ਼ੇਸ਼ਣ ਹਨ। A word or phrase that modifies or qualifies another word or a word-group, expressing a relation of place, time, manner, cause degree, etc. (e.g. gently, quite, then, there).
ਕਾਰਕ (Case)	-	ਕਿਸੇ ਵਾਕ ਵਿੱਚ ਨਾਂਵ ਜਾਂ ਪੜਨਾਂਵ ਦਾ ਕਿਰਿਆ ਨਾਲ ਸੰਬੰਧ ਕਰਵਾਉਣ ਵਾਲੇ ਸ਼ਬਦ ਨੂੰ ਕਾਰਕ ਕਿਹਾ ਜਾਂਦਾ ਹੈ; ਜਿਵੇਂ:- ਨੇ, ਨੂੰ, ਲਈ, ਵਾਸਤੇ, ਵਿੱਚ, ਤੋਂ, ਉੱਤੇ, ਕੋਲੋਂ, ਦੇ, ਦੀ, ਦੀਆਂ,

		ਦੁਆਰਾ ਆਦਿ। ਸੰਬੋਧਨ ਕਾਰਕ ਨਾਂਵ ਦਾ ਉਹ ਰੂਪ ਹੈ ਜੋ ਕਿਸੇ ਨੂੰ ਸੰਬੋਧਨ ਕਰਨ ਲਈ ਵਰਤਿਆ ਜਾਵੇ; ਜਿਵੇ:- ਏ, ਉਏ ਮੁੰਡਿਆ, ਭਰਾਵਾ, ਸੱਜਣਾ, ਭਗਤਾ, ਸੱਜਣੋ, ਭਗਤੋ, ਭਾਈਓ ਆਦਿ ਸੰਬੋਧਨ ਕਾਰਕ ਹਨ। The relation of a word to other words in a sentence. A form of a noun, adjective, or pronoun expressing this.

4.0 ਮੁਕਤਾ (Mukta)

4.1 ਇਕ-ਵਚਨ ਅਤੇ ਬਹੁ-ਵਚਨ (Singular & Plural)

ਜਿਨ੍ਹਾਂ ਨਾਵਾਂ ਦੇ ਅੰਤ ਵਿੱਚ ਔਂਕੜ ਹੋਵੇ ਓਹ ਆਮ ਕਰਕੇ ਇਕ-ਵਚਨ (singular) ਹੁੰਦੇ ਹਨ। ਉਨ੍ਹਾਂ ਦਾ ਬਹੁ-ਵਚਨ (plural) ਬਣਾਨ ਲਈ ਅੰਤਲੇ ਅੱਖਰ ਨਾਲੋਂ ਔਂਕੜ ਲਾਹ ਕੇ ਮੁਕਤਾ ਕੀਤਾ ਜਾਂਦਾ ਹੈ। ਜਿਵੇਂ-

ਸ਼ਬਦ		ਗੁਰਬਾਣੀ ਪੰਗਤੀ ਅਤੇ ਵੇਰਵਾ
ਨੇਹ	-	"ਤਿਨ ਨੇਹੁ ਲਗਾ ਰਬ ਸੇਤੀ" (ਵਾਰ ਆਸਾ) "ਸਭਿ ਕੂੜੈ ਤੁਟੈ ਨੇਹ" (ਸ੍ਰੀ ਰਾਗ ਮ: ੧) ਪਹਿਲੀ ਤੁਕ ਵਿਚ 'ਨੇਹੁ' ਇਕ-ਵਚਨ ਹੈ ਤੇ ਦੂਜੀ ਤੁਕ ਵਿਚ ਬਹੁ-ਵਚਨ ਹੋਣ ਕਰਕੇ ਅੰਤਲੇ 'ਹ' ਨਾਲੋਂ ਔਂਕੜ ਲਹਿ ਗਿਆ ਹੈ। In the first line the word ਨੇਹੁ denotes singular with the aungkar and the same word in the second line without any syllables (ਨੇਹ)becomes plural.
ਤਾਪ	-	"ਸਤਿਗੁਰਿ ਤਾਪੁ ਉਤਾਰਿਆ॥" (ਸੋਰਠਿ ਮ: ੫) "ਤਾਪ ਰੋਗ ਗਏ ਗੁਰ ਬਚਨੀ" (ਸੋਰਠਿ ਮ: ੫) ਪਹਿਲੀ ਤੁਕ ਵਿਚ 'ਤਾਪੁ' ਇਕ-ਵਚਨ ਹੈ। ਦੂਜੀ ਤੁਕ ਵਿਚ ਬਹੁ-ਵਚਨ ਹੋਣ ਕਰਕੇ 'ਤਾਪ' ਹੋ ਗਿਆ ਹੈ।

		In the first line the word ਤਾਪੁ denotes singular with the aungkar and the same word in the second line without any syllables (ਤਾਪ) becomes plural.
ਦੁਆਰ	–	"ਨਉ ਦਰਵਾਜੇ ਦਸਵਾ ਦੁਆਰੁ" (ਗਉੜੀ ਮ: ੧) "ਹੁਕਮਿ ਸੰਜੋਗੀ ਗੜਿ ਦਸ ਦੁਅਰਿ" (ਗਉੜੀ ਮ: ੧)
ਪੰਡਿਤ	–	"ਪੰਡਿਤ ਪੜੈ ਬੰਧਨ ਮੋਹ ਬਾਧਾ" (ਸ੍ਰੀ ਰਾਗ ਮ: ੩) "ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰ॥" (ਵਾਰ ਆਸਾ)
ਜਨ	–	"ਜਨੁ ਰਾਤਾ ਹਰਿ ਨਾਮ ਕੀ ਸੇਵਾ॥" (ਸੁਖਮਨੀ) "ਪ੍ਰਭ ਕਉ ਸਿਹਰਹਿ ਸੇ ਜਨ ਪਰਵਾਨ॥" (ਸੁਖਮਨੀ)
ਪਤ	–	"ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ॥" (ਰਾਮਕਲੀ ਮ: ੩) "ਭਉ ਭਾਉ ਦੁਇ ਪਤ ਲਾਇ ਜੋਗੀ॥" (ਰਾਮਕਲੀ ਮ: ੩)
ਵਾਰ	–	"ਥਿਤਿ ਵਾਰੁ ਨ ਜੋਗੀ ਜਾਣੈ॥" (ਜਪੁ) "ਰਾਤੀ ਰੁਤੀ ਥਿਤੀ ਵਾਰ॥" (ਜਪੁ)

4.1.1 ਵਿਸ਼ੇਸ਼ਣ (Adjective)

ਬਹੁਵਾਚਕ ਨਾਂਵ ਦੇ ਵਿਸ਼ੇਸ਼ਣ (Adjective) ਦਾ ਭੀ ਅੰਤਲਾ ਅੱਖਰ ਮੁਕਤਾ ਹੁੰਦਾ ਹੈ, ਜਿਵੇਂ–

ਅਨਿਕ	–	"ਅਨਿਕ ਬਿਲਾਸ ਕਰਤ ਮਨਮੋਹਨ" (ਗਉੜੀ ਮਾਲਾ ਮ: ੫)
ਅਮੁਲ	–	"ਅਮੁਲ ਗੁਣ ਅਮੁਲ ਵਾਪਾਰ॥" (ਜਪੁ)

4.2 ਇਸਤ੍ਰੀ–ਲਿੰਗ ਨਾਵਾਂ (Feminine Nouns)

ਇਸਤ੍ਰੀ-ਲਿੰਗ ਨਾਵਾਂ (Feminine nouns) ਦੇ ਅੰਤ ਵਿਚ ਔਂਕੜ ਨਹੀਂ ਹੁੰਦਾ ਮੁਕਤਾ ਹੁੰਦਾ ਹੈ:-

ਵਿਖ	–	"ਇਕ ਵਿਖ ਨ ਚਲਹਿ ਸਾਥਿ॥" (ਵਾਰ ਗਉੜੀ ਮ: ੫)
ਦੇਹ	–	"ਮਨੁ ਤਨੁ ਦੇਹ ਸੁਖਾਲੀ॥" (ਸੋਰਠਿ ਮ: ੫)
ਸਾਰ (ਖਬਰ)	–	"ਕਮਲ ਕੀ ਸਾਰ ਨਹੀ ਮੂਲਿ ਪਾਈ॥" (ਸ੍ਰੀ ਰਾਗ ਮ: ੧) ਜਿਥੇ 'ਸਾਰੁ' ਪੁਲਿੰਗ (Masculine) ਕਰਕੇ ਵਰਤਿਆ ਹੈ ਅਤੇ ਅਰਥ 'ਲੋਹਾ' ਜਾਂ 'ਅਸਲ', 'ਤਤ' ਹੈ, ਉਥੇ ਇਹਦੇ ਅੰਤ ਔਂਕੜ ਹੁੰਦਾ ਹੈ, ਜਿਵੇਂ- Where the word 'ਸਾਰੁ' is used as masculine an aungkar is used, as follows; "ਨਾਨਕ ਕਥਨਾ ਕਰੜਾ ਸਾਰੁ॥" (ਜਪੁ) "ਰਾਮ ਨਾਮ ਸਾਰੁ ਰਸੁ ਪੀਵੈ॥" (ਸੁਖਮਨੀ)
ਵਾਰ (ਵੇਰ)	–	"ਵਾਰਿਆ ਨ ਜਾਵਾ ਏਕ ਵਾਰ॥" (ਜਪੁ) "ਗਉੜੀ ਕੀ ਵਾਰ" ਵਿਚ ਭੀ ਵਾਰ ਇਸਤ੍ਰੀ-ਲਿੰਗ ਹੈ। ਜਿਥੇ 'ਵਾਰਿ' ਦਾ ਅਰਥ ਵਾੜ, ਬਾੜ ਜਾਂ ਵਾੜੀ ਹੈ, ਉਸ ਦੇ ਅੰਤ ਵਿਚ 'ਰ' ਸਿਆਰੀ ਵਾਲਾ ਹੁੰਦਾ ਹੈ:- In Gauri Ki Vaar, the word Vaar is feminine as the sihari on the consonant 'ਰ'. "ਸਾਚ ਧਰਮ ਕੀ ਕਰਿ ਦੀਨੀ ਵਾਰਿ॥" (ਆਸਾ ਮ: ੫) ਇਸੇ ਤਰਾਂ ਹੇਠਲੇ ਸ਼ਬਦ ਇਸਤ੍ਰੀ-ਲਿੰਗ ਹੋਣ ਕਰਕੇ ਮੁਕਤੇ ਨਾਲ ਆਉਂਦੇ ਹਨ:- In the same manner the following words are feminine as

		there is no syllable on the last consonant. **ਵਾਤ, ਬਾਤ, ਧੋਖ, ਧਰਿ, ਪਿਆਸ, ਖੇਹ, ਸੇਵ, ਵੇਲ, ਘਾਲ, ਠਉਰ, ਗਣਤ, ਕਲਮ, ਵਾਟ, ਪੂਜ, ਭੁਖ, ਭੂਖ, ਨੀਦ, ਕੰਧ, ਤਿਖ, ਪੀੜ ਜਾਂ ਪੀਰ, ਬਾਹ, ਆਸ, ਆਦਿ।** **ਪਰ ਕਈ ਅਜਿਹੇ ਇਸਤ੍ਰੀ-ਲਿੰਗ ਨਾਂਵ ਹਨ, ਜਿਨ੍ਹਾਂ ਦੇ ਅੰਤ ਵਿਚ ਔਂਕੜ ਮੂਲਿਕ ਅੰਗ ਹੋਣ ਕਰਕੇ ਜਰੂਰ ਆਂਉਂਦਾ ਹੈ, ਅਰਥਾਤ ਹਰ ਹਾਲਤ ਵਿਚ ਔਂਕੜ ਕਾਇਮ ਰਹਿੰਦਾ ਹੈ, ਕਦੀ ਲਹਿੰਦਾ ਹੀ ਨਹੀਂ।** However there are some feminine words which comes with an aungkar on the last consonant to maintain its originality.

4.2.1 **ਵਿਸ਼ੇਸ਼ਣ** (Adjective)

ਇਸਤ੍ਰੀ-ਲਿੰਗ ਨਾਂਵ ਦੇ ਵਿਸ਼ੇਸ਼ਣ (Adjective) ਦਾ ਭੀ ਅੰਤਲਾ ਔਂਕੜ ਲਹਿ ਕੇ ਮੁਕਤਾ ਹੋ ਜਾਂਦਾ ਹੈ, ਜਿਵੇਂ:-

The feminine adjective also appears without any syllable on the last consonant.

ਫਕੜ	–	**"ਫਕੜ ਜਾਤੀ ਫਕੜੁ ਨਾਉ॥"** **(ਮ: ੧, ਵਾਰ ਸ੍ਰੀ)** **ਇਥੇ 'ਜਾਤੀ' ਇਸਤ੍ਰੀ-ਲਿੰਗ ਹੈ, ਇਸ ਲਈ ਇਸ ਦੇ ਵਿਸ਼ੇਸ਼ਣ 'ਫਕੜ' ਦਾ ਅੰਤਲਾ ਅੱਖਰ ਮੁਕਤਾ ਹੈ। 'ਨਾਉ' ਪੁਲਿੰਗ ਇਕ-ਵਚਨ ਹੋਣ ਕਰਕੇ, ਇਸ ਦੇ ਵਿਸ਼ੇਸ਼ਣ ਦੇ ਅੰਤਲੇ ਅੱਖਰ ਨਾਲ ਔਂਕੜ ਹੈ।** In the above shabad line, the **'ਜਾਤੀ'** is a feminine therefore its adjective **'ਫਕੜ'** has no syllable on **'ੜ'**. The word **'ਨਾਉ'** is a singular and masculine therefore the **ਫਕੜੁ** word appears with an aungkar.
ਕਵਣ	–	**"ਕਵਣ ਥਿਤਿ ਕਵਣੁ ਵਾਰੁ॥"** **(ਜਪੁ)** **ਇਥੇ 'ਥਿਤਿ', ਇਸਤ੍ਰੀ-ਲਿੰਗ ਹੋਣ ਕਰਕੇ ਇਸ ਦੇ ਵਿਸ਼ੇਸ਼ਣ ਦਾ ਅੰਤਲਾ ਅੱਖਰ 'ਣ' ਮੁਕਤਾ ਹੋ ਗਿਆ ਹੈ।** The word **'ਥਿਤਿ'** in the above line is a feminine, therefore

		its adjective **ਕਵਣ** has no syllable on **'ਣ'**.
ਸਾਰ	**–**	**"ਸਤੁ ਸੰਤੋਖ ਦਇਆ ਕਮਾਵੈ 'ਏਹ' ਕਰਣੀ ਸਾਰ"।(ਸ੍ਰੀ ਰਾਗ ਮ: ੫)** **'ਕਰਣੀ' ਇਸਤ੍ਰੀ-ਲਿੰਗ ਹੋਣ ਕਰਕੇ 'ਏਹ' ਅਤੇ 'ਸਾਰ' ਦੋਵੇਂ ਮੁਕਤਾ-ਅੰਤ ਸ਼ਬਦ ਆਏ ਹਨ।** The word **'ਕਰਣੀ'** is a feminine therefore the word **'ਏਹ'** and **'ਸਾਰ'** appears without syllable on the last consonant.

4.3 **ਸੰਬੋਧਨ ਕਾਰਕ** (Vocative Case)

ਜਦ ਕੋਈ ਨਾਂਵ ਸੰਬੋਧਨ ਕਾਰਕ (vocative case) ਵਿਚ ਹੋਵੇ, ਅਰਥਾਤ ਹੇ ਮਨੁੱਖ ਕਰਕੇ ਬੁਲਾਇਆ ਹੋਵੇ, ਤਾਂ ਉਸ ਦਾ ਅੰਤਲਾ ਔਂਕੜ ਲਹਿ ਜਾਂਦਾ ਹੈ:-

When noun appears in vocative case e.g. when a person is called 'Hey, human', then the last consonant appears without any syllable.

ਮਨ	**–**	**"ਗੁਰਮੁਖਿ ਨਾਮੁ ਜਪਹੁ ਮਨ ਮੇਰੇ॥**
ਨਾਨਕ	**–**	**ਨਾਨਕ ਪਾਵਹੁ ਸੂਖ ਘਨੇਰੇ॥"** **(ਸੁਖਮਨੀ ਸਾਹਿਬ)** **ਇਥੇ ਅਰਥ 'ਹੇ ਮਨ' 'ਹੇ ਨਾਨਕ' ਹੋਣ ਕਰਕੇ 'ਮਨ' ਅਤੇ 'ਨਾਨਕ' ਦਾ ਅੰਤਲਾ ਅੱਖਰ ਮੁਕਤਾ ਹੈ। ਪਰ ਜਿਥੇ 'ਨਾਨਕੁ' ਕਰਤਾ ਕਾਰਕ ਵਿਚ ਹੋਵੇ, ਉਥੇ ਅੰਤ ਵਿਚ ਔਂਕੜ ਹੋਵੇਗਾ:-** In the above two shabad line the word **'ਮਨ'** and **'ਨਾਨਕ'** is a vocative case therefore the last word appears without any syllable but whenever vocative case denotes the creator it appears with an aungkar, as following;

		"ਸੁਨਿ ਮੀਤਾ ਨਾਨਕੁ ਬਿਨਵੰਤਾ॥" (ਸੁਖਮਨੀ) "ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ॥" (ਅਨੰਦ)
ਸਜਣ	–	"ਦੇਹੁ ਸਜਣ ਅਸੀਸੜੀਆ॥" (ਸੋਹਿਲਾ)

4.3.1 ਵਿਸ਼ੇਸ਼ਣ (Adjective)

ਇਸ ਸੰਬੋਧਨ ਕਾਰਕ ਵਾਲੇ ਨਾਂਵ ਨਾਲ ਜੋ ਵਿਸ਼ੇਸ਼ਣ ਹੋਵੇ, ਉਹ ਭੀ ਮੁਕਤਾ–ਅੰਤ ਹੋ ਜਾਂਦਾ ਹੈ:–

ਪੂਰਨ	–	"ਤੁਮ ਪੂਰਨ ਪੁਰਖ ਬਿਧਾਤੇ॥" (ਗਉੜੀ ਮ: ੫)
ਦਇਆਲ	–	ਨਾਨਕ ਕਾਢਿ ਲੇਹੁ ਪ੍ਰਭ ਦਇਆਲ" (ਸੁਖਮਨੀ)

4.4 ਸੰਬੰਧ ਕਾਰਕ (Possessive Case)

ਸੰਬੰਧ ਕਾਰਕ (Possessive case, ਮੁਰੱਕਬ ਇਜਾਫ਼ੀ) ਵਿਚ ਸੰਬੰਧੀ ਨਾਂਵ ਦੇ ਅੰਤਲੇ ਅੱਖਰ ਨਾਲੋਂ ਔਂਕੜ ਲਹਿ ਕੇ ਮੁਕਤਾ ਹੋ ਜਾਂਦਾ ਹੈ, ਭਾਂਵੇ ਸੰਬੰਧਕੀ ਪਦ 'ਦਾ' ਜਾਂ 'ਕਾ' ਲੋਪ ਹੋਵੇ ਜਾਂ ਪਰਗਟ:–

ਮੋਖ ਦੁਆਰੁ	–	"ਮੰਨੈ ਪਾਵਹਿ ਮੋਖ ਦੁਆਰੁ॥" (ਜਪੁ) ਮੋਖ ਦਾ ਦੁਆਰਾ
ਜਗਦੀਸ	–	"ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥" (ਜਪੁ) ਜਗਦੀਸ ਦਾ ਇਕ ਨਾਮ।
ਗੁਰ	–	'ਗੁਰ' ਦਾ ਅਸਲ ਰੂਪ 'ਰੁ' ਵਾਲਾ ਹੈ। ਪਰ ਜਦ ਇਸ ਦਾ ਅਰਥ 'ਗੁਰ ਦਾ' ਹੋਵੇ, ਤਾਂ ਇਹਦਾ 'ਰ' ਮੁਕਤਾ ਹੁੰਦਾ ਹੈ, ਜਿਵੇਂ 'ਗੁਰ ਪ੍ਰਸਾਦਿ ਵਿਚ।

		ਇਸ ਦਾ ਅਰਥ ਹੈ 'ਗੁਰੂ ਦੀ ਕਿਰਪਾ ਨਾਲ। ਇਸੇ ਤਰ੍ਹਾਂ 'ਗੁਰ ਸੰਗਤਿ', 'ਗੁਰਬਾਣੀ', 'ਗੁਰ ਸਿੱਖ' ਵਿਚ 'ਗੁਰ' ਮੁਕਤਾ-ਅੰਤ ਆਉਂਦਾ ਹੈ। The word **'ਗੁਰ'** originally appears with an aungkar on Rara (ਰੁ) but whenever the meaning is 'Guru's' then the **'ਰ'** comes without an aungkar just like 'Gur Persad' which means with Guru's Blessings. Similarly the words Gur Sanggat, Gurbani and Guru Sikh the Guru word comes without an aungkar.
ਧਿਆਨ	**–**	**"ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥" (ਜਪੁ)** **ਇਥੇ ਜਿਵੇਂ 'ਸੰਤੋਖੁ' ਅਤੇ 'ਸਰਮੁ' ਨਾਲ ਔਂਕੜ ਆਇਆ ਸੀ, ਤਿਵੇਂ 'ਧਿਆਨ' ਨਾਲ ਭੀ ਚਾਹੀਦਾ ਸੀ, ਪਰ ਇਸ ਦੇ ਪਿਛੋਂ 'ਕੀ' ਆਉਣ ਨਾਲ ਔਂਕੜ ਲਹਿ ਗਿਆ ਹੈ।** In the above Gurbani Shabad the word **'ਸੰਤੋਖੁ'** and **'ਸਰਮੁ'** appears with an aungkar, in the same manner the word **'ਧਿਆਨ'** should have been with an aungkar but because of the word **'ਕੀ'**, the aungkar has been removed. **"ਐਸਾ ਨਾਮੁ ਨਿਰੰਜਨੁ ਹੋਇ॥"** **ਵਿੱਚ 'ਨਿਰੰਜਨੁ' ਦੇ ਅੰਤ ਵਿਚ ਔਂਕੜ ਹੈ, ਇਸ ਲਈ ਇਸ ਦਾ ਅਰਥ 'ਨਿਰੰਜਨ ਦਾ' ਨਹੀ ਹੋ ਸਕਦਾ। ਇਹ 'ਨਾਮੁ' ਦਾ ਵਿਸ਼ੇਸ਼ਣ ਹੈ।** **ਇਸੇ ਤਰ੍ਹਾਂ "ਨਾਨਕੁ ਨੀਚੁ ਕਹੈ ਵੀਚਾਰੁ॥" ਵਿਚ 'ਨੀਚ' ਵਿਸ਼ੇਸ਼ਣ ਹੈ 'ਨਾਨਕੁ' ਦਾ ਅਤੇ ਇਸ ਦਾ ਅਰਥ ' ਨੀਚਾਂ ਦਾ' ਨਹੀਂ ਹੋ ਸਕਦਾ।** **"ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥" (ਸੱਦ)** **ਇਥੇ 'ਪੁਰਾਣੁ ਦੀ ਕਥਾ' ਅਰਥ ਨਹੀਂ ਹੋ ਸਕਦਾ, ਕਿਉਂਕਿ 'ਪੁਰਾਣੁ' ਦੇ ਅੰਤ ਔਂਕੜ ਪਿਆ ਹੈ।** In the above Gurbani Shabad the word **'ਨਿਰੰਜਨੁ'** appears with an aungkar, that is why, the meaning for the above word cannot be interpreted as **'ਨਿਰੰਜਨ ਦਾ'**. This is an adjective describing '**ਨਾਮੁ**'. In the same manner, **'ਨੀਚ'** is an adjective which does not describe **'ਨਾਨਕੁ'** as **' ਨੀਚਾਂ ਦਾ'**.

4.5 ਸੰਬੰਧਕੀ ਪਦ (Prepositions)

ਜਿਨ੍ਹਾਂ ਨਾਵਾਂ ਦੇ ਨਾਲ ਬਿਨੁ, ਵਿਟਹੁ, ਕਉ, ਸੇਤੀ, ਵਿਚ, ਮਹਿ,ਉਪਰਿ ਤੇ ਪਹਿ, ਪਾਸਿ ਆਦਿ ਸੰਬੰਧਕੀ ਪਦ (Prepositions) **ਆਉਣ, ਉਨ੍ਹਾਂ ਦਾ ਅੰਤਲਾ ਅੱਖਰ ਮੁਕਤਾ ਹੋ ਜਾਂਦਾ ਹੈ:–**

ਮਹਿ	–	"ਸਗਲ ਉਦਮ ਮਹਿ ਉਦਮੁ ਭਲਾ॥" (ਸੁਖਮਨੀ) "ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰ ਲੈ ਜਾਰਿ॥" (ਮ: ੨ ਵਾਰ ਸ੍ਰੀ)
ਤੇ	–	"ਮਨ ਹੀ ਤੇ ਮਨੁ ਮਾਨਿਆ॥" (ਤੁਖਾਰੀ ਮ: ੧) "ਆਪਿ ਮੁਆ ਮਨੁ ਮਨ ਤੇ ਜਾਨਿਆ॥" (ਗਉੜੀ ਮ: ੧)
ਪਹਿ	–	"ਤਨੁ ਮਨੁ ਗੁਰ ਪਹਿ ਵੇਚਿਆ॥" (ਸਿਰੀ ਰਾਗੁ ਮ: ੧)
ਵਿਚਿ	–	"ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ॥" ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ॥" (ਸਿਰੀ ਰਾਗੁ ਮ: ੪) "ਗੁਣ ਵਿਚਿ ਗੁਣੁ ਲੈ ਸਾਰਿ॥" (ਬਸੰਤ ਮ: ੧)
ਮੰਧੇ	–	"ਮਾਨ ਅਭਿਮਾਨ ਮੰਧੇ॥" (ਸ੍ਰੀ ਰਾਗੁ ਮ: ੫)
ਇਸ ਤਰਾਂ ਵੇਖੋ	–	ਸ਼ਹਜ ਸੇਤੀ, ਠਾਕਰ ਕਉ, ਏਕ ਉਪਰਿ ਸਬਦੁ ਬਿਨੁ, ਗੁਰ ਵਿਟਹੁ, ਘਟ ਅੰਤਰਿ, ਜਲ ਬਾਝੁ, ਆਦਿ।

ਗੁਰਬਾਣੀ ਵਿਆਕਰਣ

Gurbani Viakaran

MODULE 2

Content

5.0 ਕੰਨਾ (Kenna)

6.0 ਸਿਹਾਰੀ (Sihari)

6.1 ਸੰਬੰਧਕੀ ਪਦਾਂ ਦੇ ਅੰਤ ਵਿੱਚ (Sihari)

6.2 ਨਾਵਾਂ (Noun)

7.0 ਸਿਹਾਰੀ ਸਥਾਨ(Sihari)

1.0 ਕੰਨਾ (Kenna)

ਬਹੁਵਾਚਕ (Plural); ਯਥਾ, "ਜੇ ਸਉ ਚੰਦਾ ਉਗਵਹਿ" (ਆਸਾ ਦੀ ਵਾਰ) ਵਿੱਚ 'ਚੰਦਾ' ਚੰਦ ਦਾ ਬਹੁਵਚਨ ਹੈ। ਇਸੇ ਤਰ੍ਹਾਂ ਆਸਾ ਦੀ ਵਾਰ ਵਿਚ 'ਬੰਧਨਾ' (ਪੌ: ੭, ਸ: ੨), 'ਪੁਨਾ'(ਪੌ: ੮, ਸ: ੨), 'ਵਾਦਾਂ' (ਪੌ: ੧੧, ਸ: ੨) ਬਹੁਵਚਨ ਹਨ।

"ਰੰਗ ਰਸਾ ਜੈਸੇ ਸੁਪਨਾਹਾ" (ਆਸਾ ਮ: ੫)

ਵਿੱਚ 'ਰਸਾ' 'ਰਸ' ਦਾ ਬਹੁਵਚਨ ਹੈ।

"ਅਨਦ ਕਰਹਿ ਤੇਰੇ ਦਾਸਾ" (ਸੋਰਠਿ ਮ: ੫) ਵਿੱਚ 'ਦਾਸਾ' ਦਾ ਬਹੁਵਚਨ ਹੈ। ਯਾਦ ਰਹੇ ਕਿ ਇਨ੍ਹਾਂ ਸ਼ਬਦਾਂ ਦਾ ਅੰਤਲਾ ਕੰਨਾ ਸਾਧਾਰਣ ਬਹੁਵਚਨ ਦਾ ਚਿੰਨ੍ਹ ਹੈ, ਕਿਸੇ ਕਾਰਕ ਦੀ ਨਿਸ਼ਾਨੀ ਨਹੀਂ।

2.0 ਸਿਹਾਰੀ (Sihari)

ਸਿਹਾਰੀ ਸਭ ਤੋਂ ਵਧਕੇ ਸੰਬੰਧਕ (Preposition) ਦੇ ਅਰਥਾਂ ਵਿੱਚ ਵਰਤੀ ਗਈ ਹੈ। 'ਵਿਚਿ', 'ਬਾਹਰਿ', 'ਉਪਰਿ', ਆਦਿ ਸ਼ਬਦ ਜਿਹੜੇ ਕਿਸੇ ਚੀਜ਼ ਦਾ ਕਿਸੇ ਹੋਰ ਚੀਜ਼ ਨਾਲ ਪਦਵੀ ਜਾਂ ਅਸਥਾਨ ਦਾ ਸੰਬੰਧ ਪ੍ਰਗਟ ਕਰਦੇ ਹੋਣ, ਉਨ੍ਹਾਂ ਦਾ ਅੰਤ ਵਿਚ ਸਿਹਾਰੀ ਜ਼ਰੂਰ ਆਉਂਦੀ ਹੈ ਅਤੇ ਇਹੋ ਸੰਬੰਧ ਦੱਸਣ ਲਈ ਨਾਵਾਂ ਦੇ ਅੰਤ ਵਿਚ ਭੀ ਸਿਹਾਰੀ ਆਉਂਦੀ ਹੈ।

Sihari is used at the last consonant of a word either noun, pronoun or adjective as preposition which expresses the relation to another word or element, e.g. 'came *after* dinner', 'what did you do it *for*' (in, on, under, at, up, etc) reflecting the meaning of the word. In relation to the above Sihari is used on the last consonant of a noun.

2.1 ਸੰਬੰਧਕੀ ਪਦਾਂ ਦੇ ਅੰਤ ਵਿੱਚ (Sihari)

ਵਿਚਿ – "ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥" (ਆਸਾ ਦੀ ਵਾਰ)

ਊਪਰਿ – "ਲਿਖੇ ਉਪਰਿ ਹੁਕਮੁ ਹੋਇ॥" (ਸਲੋਕ ਮ: ੨,ਵਾਰ ਸਾਰੰਗ)
"ਧਵਲੈ ਊਪਰਿ' (ਜਪੁ ਜੀ)

ਹੇਠ – "ਕੁੰਨੇ ਹੇਠਿ ਜਲਾਈਐ॥" (ਸਲੋਕ ਫਰੀਦ)

ਮਧਿ, ਬਾਹਰਿ – "ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ॥"
(ਸਿਰੀ ਰਾਗੁ ਮ: ੫)
"ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ॥" (ਜਪੁ ਜੀ)

ਸੰਗਿ – "ਭਰੀਐ ਮਤਿ ਪਾਪਾ ਕੈ ਸੰਗਿ" (ਜਪੁ ਜੀ)

ਸਾਥਿ – "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥"
"ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥"
(ਸ੍ਰੀ ਰਾਗ ਮਹਲਾ ੧)

ਨਾਲਿ: – "ਮੂਰਖੈ ਨਾਲਿ ਨ ਲੁਝੀਐ॥"
"ਆਪੁ ਪਛਾੜਹਿ ਧਰਤੀ ਨਾਲਿ॥" (ਆਸਾ ਦੀ ਵਾਰ)

ਪਾਸਿ: – "ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥"
(ਸ੍ਰੀ ਰਾਗ ਮਹਲਾ ੫)

ਵਸਿ: – "ਤ੍ਰੈ ਗੁਣ ਇਨ ਕੈ ਵਸਿ ਕਿਨੈ ਨ ਮੋੜੀਐ॥" (ਵਾਰ ਗੁਜਰੀ ਮ: ੫)
"ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ॥"
(ਮ: ੩, ਵਾਰ ਸਾਰੰਗ)

ਨਜੀਕਿ: – "ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥" (ਸਲੋਕ ਫਰੀਦ)

ਬਰਾਬਰਿ: – "ਪੰਡਿਤ ਸੂਰ ਛਤ੍ਰਪਤਿ ਰਾਜਾ, ਭਗਤ ਬਰਾਬਰਿ ਅਉਰੁ ਨ ਕੋਇ॥" (ਬਿਲਾਵਲੁ ਰਵਿਦਾਸ)

ਗੈਲਿ: – "ਉਨ ਕੀ ਗੈਲਿ ਤੋਹਿ ਜਿਨਿ ਲਾਗੈ॥" (ਆਸਾ ਕਬੀਰ)

ਤੁਲਿ: – "ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ॥" (ਵਡਹੰਸ ਮਹਲਾ ੧)
"ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥" (ਜਪੁ ਜੀ)

ਸਰਿ (=ਬਰਾਬਰਿ) – "ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ॥"(ਧਨਾਸਰੀ ਰਵਿਦਾਸ)

ਸਿਰਿ(=ਊਪਰਿ) – "ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ॥" (ਮ: ੩, ਵਾਰ ਗੂਜਰੀ)
ਇਸੇ ਤਰ੍ਹਾਂ ਹੋਰਨਾਂ ਸੰਬੰਧਕੀ ਪਦਾਂ ਦਾ ਹਾਲ ਹੈ, ਜਿਵੇਂ,ਭੀਤਰਿ ,ਬੀਚਿ ,ਅੰਤਰਿ , ਮੰਝਾਰਿ , ਮਹਿ ,ਮਾਹਿ, ਨਿਕਟਿ,ਆਦਿ, ਅੰਤਿ, ਵਲਿ, ਪਾਰਿ,ਵਲਿ,ਪਾਰਿ ਸਮਸਰਿ, ਭਰਿ, ਆਦਿਕ।

2.2 ਨਾਵਾਂ (Noun)

ਨਾਵਾਂ ਦੇ ਅੰਤ ਵਿਚ ਸਿਹਾਰੀ ਸੰਬੰਧਕੀ ਚਿੰਨ ਵਜੋਂ

ਥੋਂ, ਰਾਹੀਂ, ਜਾਂ ਦੁਆਰਾ

"ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲੰਘਾਏ ਪਾਰਿ॥" (ਆਸਾ ਦੀ ਵਾਰ)

ਅਰਥਾਤ, ਸਿੱਖਾਂ ਨੇ ਗੁਰੂ ਦੀ ਵਿਚਾਰ ਦ੍ਵਾਰਾ ਸਿੱਖਿਆ ਹੈ, ਕਿ ਸਵੱਲੀ ਨਜ਼ਰ ਵਾਲਾ ਵਾਹਿਗੁਰੂ ਆਪਣੀ ਬਖਸ਼ਿਸ਼ ਦ੍ਵਾਰਾ ਪਾਰ ਲੰਘਾਂਦਾ ਹੈ।

In the above Gurbani means that Sikhs learn through Guru's teaching and Almighty who is with vision of blessing, ferries across.

"ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ॥" (ਆਸਾ ਦੀ ਵਾਰ)

ਕਈਆਂ ਵਿਦਵਾਨਾਂ ਨੇ 'ਸਬਦਿ' ਪਦ ਦੇ ਅੰਤ ਦੀ ਸਿਹਾਰੀ ਦੇ ਭਾਵ ਨੂੰ ਨਾ ਜਾਣਦਿਆਂ ਹੋਇਆਂ ਅਰਥ ਕੀਤੇ ਹਨ ਕਿ 'ਹਉਮੈ ਦੇ ਸ਼ਬਦ ਨੂੰ ਜਲਾ ਦੇਂਦਾ ਹੈ'। ਪਰ ਠੀਕ ਅਰਥ ਇਹ ਹਨ ਕਿ ਗੁਰੂ ਦੇ ਸ਼ਬਦ ਦੇ ਰਾਹੀਂ ਆਪਣੀ ਹਉਮੈ ਨੂੰ ਸਾੜ ਦੇਵੇ। ਸਿਧ ਗੋਸ਼ਟਿ ਦੇ ਵੀਹਵੇਂ ਅੰਕ ਵਿਚ ਭੀ ਲਿਖਿਆ ਹੈ ਕਿ,

Some scholars misinterpreted the sihari on the last consonant of the word **'ਸਬਦਿ'** and interpreted the meaning that 'the ego word is burned'. Whereas the correct meaning is that 'one burns his ego through Guru's Word', in Sidh Gost in stanza 20 is writtened as follows;

**"ਸਤਿਗੁਰ ਕੈ ਜਨਮੈ ਗਵਨੁ ਮਿਟਾਇਆ॥ ਅਨਹਤਿ ਰਾਤੇ ਇਹੁ ਮਨੁ ਲਾਇਆ॥
ਮਨਸਾ ਆਸਾ ਸਬਦਿ ਜਲਾਈ"**

ਇਥੇ ਭੀ ਇਹੋ ਭਾਵ ਹੈ ਕਿ ਸਤਿਗੁਰੂ ਦੇ ਘਰ ਧਾਰਮਿਕ ਜਨਮ ਲੈਣ ਨਾਲ ਭਟਕਣਾ ਮੁੱਕ ਗਈ, ਇਕ ਰਸ ਸ਼ਬਦ ਦੀ ਗੂੰਜ ਵਿਚ ਲਿਵ ਜੁੜ ਕੇ ਮਨ ਟਿਕ ਗਿਆ ਅਤੇ ਆਸਾ ਤੇ ਤ੍ਰਿਸ਼ਨਾ ਗੁਰਬਾਣੀ ਦ੍ਵਾਰਾ ਸਾੜ ਦਿਤੀਆਂ। ਹੋਰ ਵੇਖੋ:

In the same manner , the word **'ਸਬਦਿ'**means that through the shabad hope and greed has been burned. Note: the sihari on the word **'ਸਬਦਿ'**means through shabad.

"ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ॥" (ਸਿਧ ਗੋਸਟਿ)
**"ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ॥
ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ॥" (ਸੁਖਮਨੀ)**

ਇਨ੍ਹਾਂ ਤੁਕਾਂ ਦੇ ਅਰਥ ਕਰਨ ਵਿਚ ਕਈ ਵੇਰ ਭੁਲੇਖਾ ਪੈ ਜਾਂਦਾ ਹੈ। ਕਈ ਅਰਥ ਇਹ ਕਰਦੇ ਹਨ ਕਿ, ਕਿਸੇ ਤਰੀਕੇ ਨਾਲ ਕਿਧਰੇ ਧਰਮ ਨਹੀਂ ਮਿਲਦਾ। ਨਾਨਕ ਜੀ ਕਹਿੰਦੇ ਹਨ ਕਿ ਉਸ ਨੂੰ (ਧਰਮ) ਮਿਲਦਾ ਹੈ, ਜਿਸ ਦੇ ਲੇਖਾਂ ਵਿਚ ਆਦਿ ਤੋਂ ਕਰਮ ਲਿਖਿਆ ਹੋਇਆ ਹੋਵੇ।

The meanings of the above shabad can be misinterpreted that there is no way that faith can be found, Guru Nanak says that only the one obtains faith who has such fate.

"ਧਰਮਿ" ਅਤੇ "ਕਰਮਿ" ਪਦਾਂ ਦੇ ਨਾਲ ਸਿਹਾਰੀ ਨੂੰ ਮੁੱਖ ਰੱਖਕੇ ਠੀਕ ਅਰਥ ਇਹ ਹੋਣਗੇ: ਨਾਮ (ਜਿਸ ਦਾ ਉੱਤੇ ਜ਼ਿਕਰ ਚਲਾ ਆਇਆ ਹੈ) ਕਿਸੇ ਜੁਗਤੀ ਜਾਂ ਸੰਪਰਦਾ ਦੁਆਰਾ ਨਹੀਂ ਮਿਲਦਾ।
ਇਹ ਨਾਮ ਉਸ ਨੂੰ ਮਿਲਦਾ ਹੈ ਜਿਸ ਲਈ ਧੁਰ ਤੋਂ ਬਖਸ਼ਿਸ ਦਵਾਰਾ ਲਿਖਿਆ ਹੋਇਆ ਹੋਵੇ।

The sihari on the word "ਧਰਮਿ" and "ਕਰਮਿ" makes the meaning to be that Almighty's Name (the subject is carried forward from the earlier lines) can never be obtained through any society as this Name is obtained by the one who has such writ written through blessing from the beginning (Almighty).

"ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ॥" (ਆਸਾ ਦੀ ਵਾਰ)

ਦਾ ਅਰਥ ਕਈ ਸੱਜਣ ਇਉਂ ਕਰਦੇ ਹਨ: ਕਿ ਹਿੰਦੂ ਸ਼ਲਾਘਾ ਕਰਨ ਵਾਲੇ ਸਲਾਹੁੰਦੇ ਹਨ ਦਰਸ਼ਨਾਂ ਨੂੰ ਤੇ ਮੂਰਤੀਆਂ ਦੇ ਸੁੰਦਰ ਰੂਪ ਨੂੰ ।

The above line is misinterpreted as 'The Hindu who praises, praise the glimpse (darshan) and the beautiful form of the idols.'

ਪਰ 'ਦਰਸਨਿ' ਅਤੇ 'ਰੂਪਿ' ਦੇ ਅੰਤਲੇ ਅੱਖਰਾਂ ਨਾਲ ਸਿਹਾਰੀ ਦਾ ਆਉਣਾ ਇਸ ਅਰਥ ਨੂੰ ਖੰਡਨ ਕਰਦਾ ਹੈ। ਇਸ ਲਈ ਇਸ ਸਿਹਾਰੀ ਨੂੰ ਸੰਬੰਧਕ ਕਰਕੇ ਹੀ ਲੈਣਾ ਪਏਗਾ। ਤੁਕ ਦੇ ਅਰਥ ਇਹ ਹੋਣਗੇ:–

The word **'ਦਰਸਨਿ'** and **'ਰੂਪਿ'** has sihari on the last consonant which proves the above meaning is wrong because the sihari makes the word to be preposition, therefore the meaning will be as follows;

ਹਿੰਦੂ ਸ਼ਲਾਘਾ ਕਰਨ ਵਾਲੇ ਰੱਬ ਨੂੰ ਉਹਦੇ ਅਪਾਰ ਰੂਪ ਅਤੇ ਦਰਸ਼ਨ ਦੁਆਰਾ ਸਲਾਹੁੰਦੇ ਹਨ, ਅਰਥਾਤ ਉਸਦੀ ਸ਼ਲਾਘਾ ਉਸ ਦਰਸ਼ਨ ਅਤੇ ਰੂਪ ਨੂੰ ਮੁੱਖ ਰੱਖ ਕੇ ਕਰਦੇ ਹਨ ਜੋ ਸੰਸਾਰਕ ਅੱਖਾਂ ਤੋਂ ਪਰੇ ਹੈ, ਫਿਰ ਭੀ ਇਸ ਉੱਚੇ ਆਦਰਸ਼ ਨੂੰ ਭੁੱਲ ਕੇ ਤੀਰਥਾਂ ਉੱਤੇ ਭਟਕਦੇ ਫਿਰਦੇ ਹਨ ਅਤੇ ਮੂਰਤੀ ਪੂਜਾ ਵਿਚ ਰੁਝੇ ਪਏ ਹਨ। ਇਸ ਤੋਂ ਅੱਗੇ ਜੋਗੀਆਂ ਬਾਬਤ ਭੀ ਇਹੋ ਜਹੀ ਵਿਚਾਰ ਕੀਤੀ ਹੋਈ ਹੈ।

'Hindus who praises, praise Almighty through His form which is beyond bounderies and His glimpse' means that Almighty is praised principally through His glimpse and His form which beyond the physical eyes but ignoring this fact they still visit the pilgrimage and roam around worshipping idols.

"ਜੋਗੀ ਸੁੰਨਿ ਧਿਆਵਨਿ ਜੇਤੇ"

ਵਿਚ 'ਸੁੰਨਿ' ਦੇ ਅਰਥ 'ਸੁੰਨ ਨੂੰ' ਨਹੀਂ ਹੋ ਸਕਦੇ, ਬਲਕਿ 'ਸੁੰਨ ਦੁਆਰਾ' ਜਾਂ 'ਅਫੁਰ ਰੂਪ ਕਰਕੇ' ਹਨ।

The word **'ਸੁੰਨਿ'** does not mean 'for the thoughtless state' instead it means 'through thoughtless state' or 'by the thoughtless state'.

ਜਿਵੇਂ "ਨਾਨਕ ਇਹ ਗੁਣਿ ਨਾਮੁ ਸੁਖਮਨੀ"

ਵਿਚ 'ਗੁਣਿ' ਦੇ ਅਰਥ 'ਗੁਣ ਕਰਕੇ' ਹਨ। ਇਸ ਅਰਥ ਦੀ ਸਹਾਇਤਾ ਲਈ ਦੇਖੋ। ਇਕ ਹੋਰ ਤੁਕ:

The word **'ਗੁਣਿ'** means 'because of virtue'. Look at the following Gurbani line.

**"ਕੋਕਿਲ ਹੋਵਾਂ ਅੰਬਿ ਬਸਾਂ ਸਹਜਿ ਸਬਦ ਬੀਚਾਰੁ॥
ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ॥**

(ਗਉੜੀ ਬੈਰਾਗਣਿ ਮ: ੧)

"ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ॥"
(ਸ੍ਰੀ ਰਾਗ ਮ: ੧)

ਅਰਥਾਤ, ਮਨ ਦ੍ਵਾਰਾ ਤੇ ਮੁਖ ਦ੍ਵਾਰਾ ਉਹੀ ਸੁੱਚੇ ਕਹੇ ਜਾ ਸਕਦੇ ਹਨ ਜਿੰਨ੍ਹਾ ਨੂੰ ਗੁਰੂ ਦੁਆਰਾ ਗਿਆਨ ਪ੍ਰਾਪਤ ਹੋਇਆ ਹੈ। 'ਗੁਰਮੁਖਿ' ਦੇ ਮੁਕਾਬਲੇ ਉੱਤੇ ਜੋ 'ਮਨਮੁਖਿ' ਹੈ, ਉਹਦੇ ਨੰਨੇ ਨਾਲ ਸਿਹਾਰੀ ਨਹੀਂ ਹੁੰਦੀ। ਵੇਖੋ:

The word '**ਮਨਿ**' means '**ਮੁਖਿ**' 'through mind' and means 'through mouth'. The gurbani line means only those can be said are pure who has obtained knowledge through a Guru. In the opposite of '**ਗੁਰਮੁਖਿ**' is '**ਮਨਮੁਖਿ**' there is no sihari on the '**ਨ**'. Whenever sihari appears on '**ਨ**' the word becomes '**ਮਨਿ ਮੁਖਿ**' it means 'through mind and mouth' and not 'self-willed', the Manmukh appears in the following manner ;

"ਮਨਮੁਖਿ ਸੋਝੀ ਨ ਪਵੈ, ਗੁਰਮੁਖਿ ਸਦਾ ਹਜੂਰਿ॥" (ਸ੍ਰੀ ਰਾਗ ਮ ੧)

"ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥" (ਆਸਾ ਦੀ ਵਾਰ)

ਕਿਸ ਰਹਿਣੀ ਦ੍ਵਾਰਾ ਇਹ (ਹਉਮੈ) ਜਾਂਦੀ ਹੈ?

ਇਸੇ ਤਰਾਂ 'ਗੋਬਰਿ ਤਰਣੁ ਨ ਜਾਈ' ਅਤੇ "ਜਿਤੁ ਮੁਖਿ ਨਾਮੁ ਨ ਊਚਰਹਿ" ਵਿਚ ਸਿਹਾਰੀ ਦਾ ਅਰਥ 'ਰਾਹੀਂ' ਕਰੋ।

"ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" (ਧਨਾਸਰੀ ਮ:੧)

ਉਸ ਦੇ ਚਾਨਣ ਦੁਆਰਾ ਸਾਰਿਆਂ ਵਿਚ ਚਾਨਣਾ ਹੁੰਦਾ ਹੈ। ਦੇਖੋ:

"ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥" (ਆਸਾ ਦੀ ਵਾਰ)

ਜਿਹੜਾ ਸ਼ਬਦ 'ਭੰਡੁ' ਨਾਂਵ ਹੈ, ਉਹਦੇ ਡੱਡੇ ਨਾਲ ਔਂਕੜ ਹੈ ਅਤੇ ਜਿਸ 'ਭੰਡਿ'ਦਾ ਅਰਥ ਹੈ 'ਭੰਡ ਦ੍ਵਾਰਾ', ਉਹਦੇ ਡੱਡੇ ਨਾਲ ਸਿਹਾਰੀ ਹੈ।
In the above shabad the word **'ਭੰਡੁ'** is a noun and the word **'ਭੰਡਿ'** means 'through a woman'.

ਵਿਚ – "ਨਾਨਕ ਗੁਰ ਪਰਸਾਦੀ ਛੁਟੀਐ ਜੇ ਚਿਤੁ ਲਗੈ ਸਚਿ॥" (ਮ: ੩, ਵਾਰ ਮਾਰੂ)
ਅਰਥਾਤ, ਸਚ ਵਿਚ। The word '**ਸਚਿ**' means in 'in truth'

"ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ॥" (ਸ੍ਰੀ ਰਾਗ ਮ: ੧)
ਇਥੇ 'ਚਹੁ ਜੁਗਿ' ਦੇ ਅਰਥ ਹਨ, ਚਵ੍ਹਾਂ ਜੁਗਾਂ ਵਿਚ ਅਤੇ 'ਮੁਖਿ' ਦੇ ਅਰਥ ਹਨ, ਮੁਖ ਵਿਚ।

"ਸੁਣਿਐ ਲਾਗੈ ਸਹਜਿ ਧਿਆਨੁ॥" (ਜਪੁ ਜੀ)
ਅਰਥਾਤ, ਗੁਰੂ ਦੀ ਸਿਖਿਆ ਸੁਣਨ ਤੋਂ ਸਹਜ (ਅਵਸਥਾ) ਵਿੱਚ ਧਿਆਨ ਲੱਗ ਜਾਂਦਾ ਹੈ।

"ਨੰਨਾ ਨਰਕਿ ਪਰਹਿ ਤੇ ਨਾਹੀ॥ ਜਾ ਕੈ ਮਨਿ ਤਨਿ ਨਾਮੁ ਬਸਾਹੀ॥" (ਬਾਵਨ ਅਖਰੀ)
ਅਰਥਾਤ, ਉਹ ਨਰਕ ਵਿੱਚ ਨਹੀਂ ਪੈਂਦੇ, ਜਿਨਾਂ ਦੇ ਮਨ ਤੇ ਤਨ ਵਿਚ ਨਾਮ ਵਸਦਾ ਹੈ।

"ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥" (ਗੂਜਰੀ ਮ: ੫)
ਅਰਥਾਤ, ਹੇ ਮਨ! ਤੂੰ ਕਿਉਂ ਫਿਕਰ ਕਰਦਾ ਹੈ, ਜਦਿ ਕਿ ਰੱਬ ਆਹਰ (ਯਤਨ) ਵਿਚ ਲੱਗਾ ਹੋਇਆ ਹੈ। The word '**ਆਹਰਿ**' means 'in the strive for living'
ਜਿਥੇ 'ਆਹਰੁ' ਕੇਵਲ ਨਾਂਵ ਹੈ ਅਤੇ ਸੰਬੰਧਕ ਦੀ ਲੋੜ ਨਹੀਂ, ਉਥੇ ਇਹਦੇ ਰਾਰੇ ਨਾਲ ਔਂਕੜ ਜਾਂ ਮੁਕਤਾ ਹੋਵੇਗਾ।

"ਕਰਜੁ ਉਤਾਰਿਆ ਸਤਿਗੁਰੂ ਕਰਿ ਆਹਰੁ ਆਪਿ॥" (ਬਿਲਾਵਲ ਮ: ੫)
ਇਸੇ ਤਰ੍ਹਾਂ ਆਸਾ ਦੀ ਵਾਰ ਦੀ ਤੇਰ੍ਹਵੀਂ ਪਉੜੀ ਦੇ ਪਹਿਲੇ ਸਲੋਕ ਵਿਚ 'ਸਤਿਜੁਗਿ' "ਦੁਆਪਰਿ" ਅਤੇ "ਕਲਿਜੁਗਿ" ਸ਼ਬਦਾਂ ਦੇ ਅੰਤ ਦੀ ਸਿਹਾਰੀ ਦਾ ਅਰਥ 'ਵਿਚ' ਹੈ।

ਉਤੇ – "ਅਸੰਖ ਕਹਹਿ ਸਿਰਿ ਭਾਰੁ ਹੋਇ॥" (ਜਪੁ ਜੀ)
ਦਾ ਅਰਥ ਕਈ ਸੱਜਣ ਇਉਂ ਕਰਦੇ ਹਨ ਕਿ ਅਣਗਿਣਤ ਲੋਕ ਸਿਰ ਭਾਰ ਹੋ ਕੇ ਆਖਦੇ

ਹਨ (ਰੱਬ ਨੂੰ) ਪਰ ਜੋ ਇਹ ਅਰਥ ਹੁੰਦੇ ਤਾਂ

'ਸਿਰਿ ਦਾ ਰਾਰਾ ਖਾਲੀ ਹੁੰਦਾ ਅਤੇ ਸਿਹਾਰੀ 'ਭਾਰੁ' ਰਾਰੇ ਨਾਲ ਹੁੰਦੀ। ਜਿਵੇਂ ਆਸਾ ਦੀ ਵਾਰ ਵਿਚ ਲਿਖਿਆ ਹੈ: "ਭੈ ਵਿਚਿ ਇੰਦੁ ਫਿਰੈ ਸਿਰ ਭਾਰਿ" ਜਿਸ ਦੇ ਅਰਥ ਹਨ ਕਿ ਭੈ ਵਿਚ ਇੰਦ੍ਰ (ਬੱਦਲ) ਸਿਰ ਦੇ ਭਾਰ ਚਲਦਾ ਹੈ। ਇਥੇ 'ਭਾਰਿ' ਸੰਬੰਧਕੀ (preposition) ਅਰਥ ਰਖਦਾ ਹੈ। ਪਰੰਤੂ ਜਪਜੀ ਵਾਲੀ ਤੁਕ ਵਿਚ 'ਸਿਰਿ' ਦੀ ਅੰਤਲੀ ਸਿਹਾਰੀ ਸੰਬੰਧਕੀ ਅਰਥ ਰਖਦੀ ਹੈ ਅਤੇ 'ਭਾਰੁ' ਨਾਂਵ (noun) ਹੈ ਅਤੇ ਅਰਥ ਇਹ ਹਨ ਕਿ ਅਣਗਿਣਤ ਆਖਦਿਆਂ ਭੀ ਸਿਰ ਦੇ ਭਾਰ ਹੁੰਦਾ ਹੈ।

ਅਰਥਾਤ ,ਅਣਗਿਣਤ ਆਖਣਾ ਭੀ ਭੁੱਲ ਹੈ, ਕਿਉਂਕਿ ਹੋ ਸਕਦਾ ਹੈ ਕਿ ਕਈ ਚੀਜਾਂ ਦਾ ਸਮੂਹ ਸਾਡੀ ਗਿਣਤ ਸ਼ਕਤੀ ਤੋਂ ਬਾਹਰ ਹੋਵੇ, ਪਰ ਸਮੂਹ ਆਪ ਮਹਦੂਦ ਹੋਵੇ। ਜਿਵੇਂ ਰੇਤੜ ਵਿਚ ਰੇਤ ਦੇ ਕਿਣਕੇ, ਜਾਂ ਸੂਰਜ ਦੀਆਂ ਰਿਸ਼ਮਾ। ਗੁਰੂ ਸਾਹਿਬ ਚਹੁੰਦੇ ਹਨ ਕਿ ਅਗਮ ਅਗਮ ਦਾ ਭਾਵ ਪ੍ਰਗਟ ਹੋਵੇ, ਜੋ ਸ਼ਬਦ 'ਅਸੰਖ' ਤੋਂ ਪੂਰੇ ਤੌਰ ਤੇ ਨਹੀ ਹੋ ਸਕਦਾ।

"ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥" (ਆਸਾ ਫਰੀਦ)
ਦਾ ਇਹ ਅਰਥ ਹੈ ਕਿ ਜਿਨ੍ਹਾਂ ਨੂੰ ਨਾਮ ਭੁੱਲ ਗਿਆ ਹੈ, ਉਹ ਧਰਤੀ ਉਤੇ ਭਾਰ ਹਨ। ਇਹਦਾ ਅਰਥ ਇਹ ਨਹੀਂ ਕਿ ਓਹ ਜਿਮੀਂ ਪਰਨੇ ਹੋ ਗਏ ਹਨ।

"ਨਾਨਕ ਭਾਵੈ ਪਾਰਬ੍ਰਹਮ ਪਾਹਨ, ਨੀਰਿ ਤਰੇ॥" (ਬਾਵਨ ਅਖਰੀ)
ਅਰਥਾਤ, ਜੋ ਪਾਰਬ੍ਰਹਮ ਨੂੰ ਭਾਵੇ ਤਾਂ ਪੱਥਰ ਨੀਰ (ਪਾਣੀ) ਉੱਤੇ ਤਰ ਪੈਂਦੇ ਹਨ।

"ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥" (ਮ: ੩, ਵਾਰ ਮਾਰੂ)
ਇਥੇ 'ਤਖਤਿ' ਦੇ ਅਰਥ ਹਨ, 'ਤਖਤ ਉੱਤੇ'।

"ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ॥" (ਆਸਾ ਦੀ ਵਾਰ)
ਇਥੇ ਪਹਿਲੇ 'ਤਨਿ' ਦੇ ਅਰਥ ਹਨ, 'ਤਨ ਉੱਤੇ'।

ਤੋਂ ਜਾਂ ਥੋਂ – "ਧੁਰਿ ਕਰਮੁ ਜਿਨਾਂ ਕਉ ਤੁਧੁ ਪਾਇਆ॥" (ਆਸਾ ਦੀ ਵਾਰ)
"ਧੁਰਿ ਮਾਰੇ ਪੂਰੈ ਸਤਿਗੁਰੂ, ਸੇਈ ਹੁਣਿ ਸਤਿਗੁਰਿ ਮਾਰੇ॥" (ਵਾਰ ਗਉੜੀ ਮ; ੪)

ਇਨ੍ਹਾਂ ਦੋਹਾਂ ਤੁਕਾਂ ਵਿਚ 'ਧੁਰਿ' ਦੇ ਅਰਥ 'ਧੁਰ' ਤੋਂ ਹਨ, ਪਰ ਜਿਥੇ ਸੰਬੰਧਕੀ ਪਦ ਵੱਖਰਾ ਦਿੱਤਾ ਹੁੰਦਾ ਹੈ, ਉਥੇ 'ਧੁਰ' ਦੇ ਰਾਰੇ ਨਾਲ ਸਿਹਾਰੀ ਨਹੀਂ ਹੁੰਦੀ। ਜਿਵੇਂ

"ਧੁਰ ਕੀ ਬਾਣੀ ਆਈ॥" (ਸੋਰਠਿ ਮ: ੫)
"ਜੇ ਹੋਵੈ ਪੂਰਬਿ ਲਿਖਿਆ॥" (ਆਸਾ ਦੀ ਵਾਰ)
ਵਿਚ "ਪੂਰਬਿ' ਦੇ ਅਰਥ 'ਪੂਰਬ ਤੋਂ', 'ਪਿਛੇ ਤੋਂ' ਹਨ।

ਨੂੰ ਜਾਂ ਵਲਿ – "ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥" (ਆਸਾ ਦੀ ਵਾਰ)
ਦੋਜਕ ਨੂੰ ਚਲਿਆ।

"ਦੇਂਦਾ ਨਰਕਿ ਸੁਰਗਿ ਲੈਂਦੇ, ਦੇਖਹੁ ਇਹੁ ਧਿਙਾਣਾ॥" (ਮ: ੧, ਵਾਰ ਮਲਾਰ)

ਤੱਕ,ਤੋੜੀ – "ਅਸਮਾਨਿ ਕਿਆੜਾ ਛਿਕਿਓਨੁ॥" (ਵਾਰ ਸਤਾ ਬਲਵੰਡ)
ਅਸਮਾਨ ਤੱਕ ਚੋਟੀ ਖਿੱਚ ਕੇ ਲੈ ਗਿਆ।

ਨਾਲ – "ਝਖੜਿ ਵਾਉ ਨ ਡੋਲਈ ਪਰਬਤ ਮੇਰਾਣੁ॥" (ਵਾਰ ਸਤਾ ਬਲਵੰਡ)
ਗੁਰੂ ਅਮਰਦਾਸ ਮੇਰੂ ਪਹਾੜ ਵਾਙਣ ਹੈ,ਉਹ ਝੱਖੜ(ਹਵਾ) ਨਾਲ ਨਹੀਂ ਡੋਲਦਾ।

"ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥" (ਆਸਾ ਦੀ ਵਾਰ)

ਕਈ ਸੱਜਣ ਇਨ੍ਹਾਂ ਤੁਕਾਂ ਦੇ ਅਰਥ ਇਉਂ ਕਰਦੇ ਹਨ: ਯਜੁਰ (ਵੇਦ ਦੇ ਸਮੇਂ ਦ੍ਵਾਪਰ) ਵਿਚ ਜ਼ੋਰ ਵਾਲਾ ਛਲੀਆ ਚੰਦ੍ਰਬੰਸੀ ਕਾਨ੍ਹ ਨਾਮ ਕ੍ਰਿਸ਼ਨ ਯਾਦਵ ਕੌਮ ਦਾ ਹੋਇਆ, ਜੋ ਜਮਨਾ ਦੇ ਪਾਰ ਜਾ ਕੇ ਗੋਪੀਆਂ ਲਿਆਉਂਦਾ ਤੇ ਬਿੰਦ੍ਰਾਬਨ ਵਿਚ ਰਾਸ ਮਚਾਉਂਦਾ ਸੀ। ਇਹ ਅਰਥ ਸਿਹਾਰੀ ਦੇ ਨੇਮਾਂ ਦੇ ਉਲਟ ਹਨ। 'ਜੋਰਿ' ਦੇ ਅਰਥ ਹਨ 'ਜ਼ੋਰ ਨਾਲ',
ਜ਼ੋਰ ਵਾਲਾ ਨਹੀਂ ਹੋ ਸਕਦੇ। ' ਚੰਦ੍ਰਾਵਲਿ' ਦੇ ਲੱਲੇ ਦੀ ਸਿਹਾਰੀ ਇਸਤਰੀ ਲਿੰਗ ਦੀ ਨਿਸ਼ਾਨੀ ਹੈ। (ਦੇਖੋ ਨੇਮ ੧੯)

'ਪਾਰਜਾਤੁ' ਦੇ ਅਰਥ 'ਪਰ ਜਾ ਕੇ' ਤਾਂ ਹੁੰਦੇ, ਜੇਕਰ ਇਹ ਸ਼ਬਦ

'ਪਾਰਿ ਜਾਇ' ਹੁੰਦਾ। ਦਸ਼ਾ ਜਾਂ ਸਥਾਨ ਵਾਚਕ ਸੰਬੰਧਕੀ ਸ਼ਬਦਾਂ ਦੇ ਅੰਤ ਵਿਚ ਸਿਹਾਰੀ ਦਾ ਆਉਣਾ ਜਰੂਰੀ ਹੈ। ਯਥਾ:-

"ਗੁਰ ਸਬਦੀ ਪਾਰਿ ਉਤਰੀਐ ਰੇ॥" (ਆਸਾ ਮ :੫)

ਇਸ ਲਈ 'ਪਾਰ ਦੀ ਥਾਂ 'ਪਾਰਿ' ਹੋਣਾ ਚਾਹੀਦਾ ਸੀ। 'ਪਾਰ' ਦਾ ਰਾਰਾ ਮੁਕਤ ਜਾਂ ਔਂਕੜ ਵਾਲਾ ਤਦੋਂ ਹੁੰਦਾ ਹੈ ਜਦੋਂ 'ਪਾਰ' ਨਾਂਵ ਹੋਵੇ।

ਯਥਾ: "ਲਹੈ ਨ ਪਾਰੁ ਰੀ॥" (ਧਨਾਸਰੀ ਤ੍ਰਿਲੋਚਨ)

ਇਨ੍ਹਾਂ ਔਂਕੜਾ ਨੂੰ ਮੁੱਖ ਰੱਖ ਕੇ ਇਨ੍ਹਾਂ ਤੁਕਾਂ ਦੇ ਅਰਥ ਇਹ ਹੋਣੇ ਚਾਹੀਦੇ ਹਨ: ਯਜੁਰ(ਵੇਦ ਦੇ ਸਮੇਂ ਦੁਆਪਰ) ਵਿਚ ਜੋ ਕਾਨ੍ਹ ਕ੍ਰਿਸ਼ਨ ਯਾਦਵ ਹੋਇਆ, ਉਸ ਨੇ ਚੰਦ੍ਰਾਵਲੀ ਨੂੰ ਜ਼ੋਰ ਨਾਲ ਛਲਿਆ। ਉਹ ਆਪਣੀ ਗੋਪੀ (ਸਤਭਾਮਾ) ਲਈ ਪਾਰਜਾਤੁ (ਦਾ ਬ੍ਰਿਛ ਇੰਦ੍ਰ ਦੇ ਬਾਗ ਵਿਚੋਂ) ਲੈ ਆਇਆ। ਉਸ ਬਿੰਦ੍ਰਾਬਨ ਵਿਚ ਚੋਜ ਕੀਤੇ। (ਦੇਖੋ ਦਸਮ ਸਕੰਦ ਭਾਗਵਤ)

"ਜਿਉ ਪਾਵਕੁ ਈਧਨਿ ਨਹੀਂ ਧ੍ਰਾਪੈ॥" (ਸੁਖਮਨੀ)
ਜਿਵੇਂ ਅੱਗ ਬਾਲਣ ਨਾਲ ਨਹੀਂ ਰੱਜਦੀ।

"ਕਾਮਿ ਕ੍ਰੋਧਿ ਨਗਰੁ ਬਹੁ ਭਰਿਆ॥" (ਸੋਹਿਲਾ)
ਕਾਮ ਅਤੇ ਕ੍ਰੋਧ ਨਾਲ (ਦੇਹੀ ਦਾ) ਨਗਰ ਬਹੁਤ ਭਰਿਆ ਹੋਇਆ ਹੈ।

"ਜਿਉਂ ਸਾਬੁਨਿ ਕਾਪਰ ਊਜਲ ਹੋਤ॥" (ਰਾਮਕਲੀ ਮ: ੫)
ਸਾਬਣ ਨਾਲ।

"ਭੈ ਵਿਚਿ ਧਰਤੀ ਦਬੀ ਭਾਰਿ॥" (ਆਸਾ ਦੀ ਵਾਰ)
ਭਾਰ ਨਾਲ
"ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ॥" (ਸ੍ਰੀ ਰਾਗ ਮ: ੧)
ਕਹਿਣ ਨਾਲ ਵੱਡਾ ਨਹੀਂ ਹੁੰਦਾ।

ਲਈ,ਹੇਤ ਨੂੰ – ਭਾਵਾਰਥ (Infinitive) ਦੇ ਅੰਤਲੇ ਣਾਣੇ ਜਾਂ ਨੱਨੇ ਨਾਲ ਆਉਂਦੀ ਹੈ।
ਯਥਾ:–

"ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ॥" (ਗਉੜੀ ਕਬੀਰ)
ਜਿਨ੍ਹਾਂ ਕੋਲ ਜਾਂਦਾ ਹਾਂ ਆਪਣੇ ਛੁਡੌਣ ਨੂੰ, ਉਹ ਆਪ ਬਹੁਤੇ ਫੰਧਿਆਂ ਵਿਚ ਬੰਨ੍ਹੇ ਪਏ ਹੁੰਦੇ ਹਨ।

"ਆਖਣਿ ਅਉਖਾ ਸਾਚਾ ਨਾਉ॥" (ਆਸਾ ਮ: ੧)
ਆਖਣ ਨੂੰ ਅਉਖਾ ਹੈ ਸੱਚਾ ਨਾਮ।

"ਅੰਤ ਨ ਕਰਣੈ, ਦੇਣ ਨ ਅੰਤ॥" (ਜਪੁ ਜੀ)

"ਜੋਰੁ ਨ ਮੰਗਣਿ, ਦੇਣਿ ਨ ਜੋਰੁ॥" (ਜਪੁ ਜੀ)

ਵਿਚ ਸਿਹਾਰੀ ਸੰਬੰਧਕੀ ਚਿੰਨ੍ਹ ਹੈ ਭਾਵਾਰਥਾਂ ਨਾਲ, ਜੋ ਨਾਵਾਂ ਵਾਕਰ ਵਰਤੇ ਗਏ ਹਨ।ਇਸੇ ਤਰ੍ਹਾਂ,

"ਬਿਗਸਿਉ ਪੇਖਿ ਰੰਗੁ ਕਸੰਭ ਕੋ ,ਪਰ ਗ੍ਰਿਹ ਜੋਹਨਿ ਜਾਇਉ॥" (ਟੋਡੀ ਮ: ੫)

"ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ॥" (ਮ: ੧,ਸਲੋਕ ਵਾਰਾਂ ਤੇ ਵਧੀਕ)

"ਜਾ ਕੈ ਹਰਿ ਸਾ ਠਾਕੁਰੁ ਭਾਈ॥ ਮੁਕਤਿ ਅਨੰਤ ਪੁਕਾਰਣਿ ਜਾਈ॥" (ਗਉੜੀ ਕਬੀਰ)

"ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥"(ਸੂਹੀ ਮ: ੫)

3.0 ਸਿਹਾਰੀ ਸਥਾਨ(Sihari)

ਵਾਚਕ ਕਿਰਿਆ–ਵਿਸ਼ੇਸ਼ਣਾਂ (Adverbs) ਨਾਲ ਭੀ ਉਸੇ ਤਰ੍ਹਾਂ ਆਇਆ ਕਰਦੀ ਹੈ, ਜਿਵੇਂ ਸੰਬੰਧਕਾਂ ਨਾਲ। ਬਲਕਿ ਅਕਸਰ ਉਹੋ ਸੰਬੰਧਕਾਂ ਕਿਰਿਆ–ਵਿਸ਼ੇਸ਼ਣਾਂ ਦਾ ਕੰਮ ਦਿੰਦੀਆਂ ਹਨ। ਜਦੋਂ ਉਨ੍ਹਾਂ ਨਾਲ ਸੰਬੰਧੀ ਨਾਂਵ ਨਹੀਂ ਹੁੰਦੇ। ਯਥਾ:–

ਵਿਚਿ	–	"ਧਨ ਪਿਰ ਕਾ ਇਕ ਹੀ ਸੰਗਿ ਵਾਸਾ, ਵਿਚਿ ਹਉਮੈ ਭੀਤਿ ਕਰਾਰੀ॥" (ਮ: ੪, ਮਲਾਰ)
ਅੰਤਰਿ,ਬਾਹਰਿ,ਸਾਥਿ	–	"ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ॥" (ਸ੍ਰੀ ਰਾਗ ਮ: ੫)
ਸੰਗਿ	–	"ਇਆ ਡੇਰਾ ਕਉ ਸ੍ਰਮ ਕਰਿ ਘਾਲੈ॥ ਜਾ ਕਾ ਤਸੂ ਨਹੀ ਸੰਗਿ ਚਾਲੈ॥" (ਬਾਵਨ ਅਖਰੀ,ਮ: ੫)
ਨਾਲਿ	–	"ਹਰਿ ਅੰਤਰਿ ਬਾਹਰਿ ਨਾਲਿ ਹੈ॥" (ਬਿਹਾਗੜਾ ਮ: ੪)
ਦੂਰਿ,ਮੰਝਿ	–	"ਆਪੇ ਨੇੜੈ, ਦੂਰਿ ਆਪੇ ਹੀ, ਆਪੇ ਮੰਝਿ ਮਿਆਨੋੁ॥" (ਸ੍ਰੀ ਰਾਗ ਮ: ੧)
ਨੇੜਿ,ਫਿਰਿ,ਬਹੁੜਿ	–	"ਜਮੁ ਕੰਕਰੁ ਨੇੜਿ ਨ ਆਵਈ,ਫਿਰਿ ਬਹੁੜਿ ਨ ਮਰੀਐ॥" (ਵਾਰ ਗਉੜੀ ਮ: ੫)
ਤਲਿ(=ਤਲੈ),ਉਪਰਿ	–	"ਡੁਬਿ ਮੁਏ ਬਗੁ ਬਪੁੜੇ ਸਿਰੁ ਤਲਿ ਉਪਰਿ ਪਾਉ॥" (ਸਲੋਕ ਫਰੀਦ ੧੨੨ ਅਤੇ ਸਲੋਕ ਮ: ੩ ਵਾਰ ਵਡਹੰਸ)
ਬਾਹਰਿ ਵਾਰਿ	–	"ਖਰੇ ਖਜਾਨੈ ਪਾਈਅਹਿ, ਖੋਟੇ ਸਟੀਅਹਿ ਬਾਹਰਿ ਵਾਰਿ॥" (ਵਾਰ ਮਾਝ ਮ: ੧)
ਹਦੂਰਿ	–	"ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮੁ ਰਵਿੰਦੁ॥" (ਸ੍ਰੀ ਰਾਗ ਮ: ੫)
ਉਰਵਾਰਿ, ਪਾਰਿ	–	"ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ॥" (ਮ: ੩,ਵਾਰ ਸੋਰਠਿ)
ਵਲਿ	–	"ਜਾ ਕਰਤਾ ਵਲਿ , ਤਾ ਸਭੁ ਕੋ ਵਲਿ॥" (ਮ: ੪, ਵਾਰ ਗਉੜੀ)

ਓੜਕਿ – "ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥" (ਮ: ੧ ਵਾਰ ਰਾਮਕਲੀ)

ਆਦਿ,ਮਧਿ,ਅੰਤਿ – "ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ॥" (ਆਸਾ ਛੰਤ ਮ: ੫)

ਪਾਸਿ – "ਵਸਤੁ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥" (ਆਸਾ ਦੀ ਵਾਰ)

ਨਿਦਾਨਿ – "ਮਾਇਆ ਕਾ ਰੰਗੁ ਸਭੁ ਫਿਕਾ, ਜਾਤੋ ਬਿਨਸਿ ਨਿਦਾਨਿ॥" (ਸ੍ਰੀ ਰਾਗ ਮ: ੫)

ਮੂਲਿ – "ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥" (ਆਸਾ ਦੀ ਵਾਰ)
"ਐਬ ਤਨਿ ਚਿਕੜੋ, ਇਹੋ ਮਨੁ ਮੀਡਕੋ, ਕਮਲ ਕੀ ਸਾਰ ਨਹੀ ਮੂਲਿ ਪਾਈ॥" (ਸ੍ਰੀ ਰਾਗ ਮ: ੧)

ਵਖਿ – "ਓਥੈ ਸਚੋ ਹੀ ਸਚ ਨਿਬੜੈ, ਚੁਣਿ ਵਖਿ ਕਢੇ ਜਜਮਾਲਿਆ॥" (ਆਸਾ ਦੀ ਵਾਰ)
ਕਈ ਵੇਰ ਕਾਲਵਾਚੀ ਕਿਰਿਆ-ਵਿਸ਼ੇਸ਼ਣ ਨਾਂਵ ਕਰਕੇ ਵਰਤੇ ਹੁੰਦੇ ਹਨ। ਅਤੇ ਉਨ੍ਹਾਂ ਦੇ ਅੰਤ ਵਿਚ ਸਥਾਨਵਾਚੀ ਸਿਹਾਰੀ ਲੱਗੀ ਹੁੰਦੀ ਹੈ:-

ਬੇਗਿ(=ਛੇਤੀ) – "ਜੌ ਕਰਿ ਪਾਚਨੁ ਬੇਗਿ ਨ ਪਾਵੈ , ਝਗਰੁ ਕਰੈ ਘਰ ਹਾਈ॥" (ਗਉੜੀ ਪੂਰਬੀ ਕਬੀਰ)
ਅਰਥਾਤ, ਜੇਕਰ ਖੁਰਾਕ ਛੇਤੀ ਨਾ ਮਿਲੈਸੁ।

ਹੁਣਿ – "ਥਾਉ ਨ ਹੋਵੀ ਪਉਦੀਈ, ਹੁਣਿ ਸੁਣੀਐ ਕਿਆ ਰੁਆਇਆ॥" (ਆਸਾ ਦੀ ਵਾਰ)
"ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ॥" (ਧਨਾਸਰੀ ਮ: ੧)
'ਹੁਣਿ', ਮੁਹਿਤ' ਅਤੇ 'ਤਾਲਿ' ਵਿਚ ਸਿਹਾਰੀ ਸੰਬੰਧਕੀ ਚਿੰਨ੍ਹ ਹੈ।
'ਤਾਲ'ਗਾਉਣ ਵੇਲੇ ਸਮੇਂ ਦੀ ਕਿਰਿਆ ਦਾ ਇਕ ਮਾਪ ਹੈ।
" ਹੁਣਿ ਨਹੀ ਸੰਦੇਸਰੋ ਮਾਇਓ॥" (ਸੋਰਠਿ ਮ: ੫)

ਅਬਿ – "ਬਹੁਤੇ ਫੇਰ ਪਏ ਕਿਰਪਨ ਕਉ, ਅਬਿ ਕਿਛੁ ਕਿਰਪਾ ਕੀਜੈ॥" (ਧਨਾਸਰੀ ਮ: ੩)

ਕਦਿ – "ਕਦਿ ਪਾਵਉ ਸਾਧਸੰਗੁ॥" (ਧਨਾਸਰੀ ਮ: ੫)

ਜਦਿ – "ਦੂਖ ਤਦੇ ਜਦਿ ਵੀਸਰੈ ਸੁਖ ਪ੍ਰਭ ਚਿਤਿ ਆਏ ॥ (ਬਿਲਾਵਲੁ ਮ: ੫)

ਵਤਿ (ਫਿਰਿ) – "ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥" (ਸਲੋਕ)
ਇਸੇ ਤਰ੍ਹਾਂ ਫੇਰਿ, ਬਾਹੁੜਿ, ਬਹੁਰਿ, ਫੁਨਿ, ਪੁਨਰਪਿ, ਕਿਟਿ, ਬੀਚਿ, ਮੰਝਾਰਿ, ਨਿਰੰਤਰਿ, ਭਿਨਿ, ਓੜਿ, ਊਪਰਿ, ਹੇਠਿ, ਹਜੂਰਿ, ਤਤਕਾਲਿ, ਆਸਿ ਪਾਸਿ, ਆਦਿਕ ਕਿਰਿਆ–ਵਿਸ਼ੇਸ਼ਣਾਂ ਦੇ ਅੰਤ ਵਿਚ ਸਿਹਾਰੀ ਆਉਂਦੀ ਹੈ। ਹੋਰ ਭੀ ਸ਼ਬਦ ਇਕਹਿਰੇ ਜਾਂ ਦੂਹਰੇ ਜੋ ਉਪਰ ਦੱਸੇ ਕਿਰਿਆ–ਵਿਸ਼ੇਸ਼ਣਾਂ ਵਾਕਰ ਵਰਤੇ ਜਾਂਦੇ ਹਨ, ਉਨ੍ਹਾਂ ਨਾਲ ਸਿਹਾਰੀ ਆਉਂਦੀ ਹੈ, ਜਿਵੇਂ– ਝਿਮਿ ਝਿਮਿ, ਠਿਮਿ ਠਿਮਿ, ਮੁਸਿ ਮੁਸਿ, ਮਧਿ ਮਧਿ, ਵਲਿ ਵਲਿ, ਰਸਕਿ ਰਸਕਿ, ਆਦਿਕ।

ਗੁਰਬਾਣੀ ਵਿਆਕਰਣ

Gurbani Viakaran

MODULE 3

Content

5.0 **ਸਿਹਾਰੀ–ਸੰਬੰਧਕੀ ਰੂਪ** (Sihari- Preposition)

6.0 **ਯੋਜਕ** (conjuction)

7.0 **ਸਿਹਾਰੀ ਪੂਰਬ–ਪੂਰਣ–ਕਾਰਦੰਤਕ** (Conjunctive Participle)

8.0 ਸਿਹਾਰੀ-ਸੰਬੰਧਕੀ ਰੂਪ (Sihari- Preposition)

ਯਾਦ ਰਹੇ ਕਿ ਜਦ ਇਹੋ ਸ਼ਬਦ, ਜੋ ਉੱਤੇ ਸੰਬੰਧਕ ਜਾਂ ਕਿਰਿਆ-ਵਿਸ਼ੇਸ਼ਣ ਕਰਕੇ ਦੱਸੇ ਗਏ ਹਨ, ਨਾਂਵ ਕਰਕੇ ਆਉਂਦੇ ਹਨ, ਤਾ ਇਨ੍ਹਾਂ ਦੇ ਅੰਤ ਵਿਚ ਸਿਹਾਰੀ ਨਹੀਂ ਹੁੰਦੀ, ਕਿਉਂਕਿ ਇਹ ਸਿਹਾਰੀ ਸੰਬੰਧਕੀ ਰੂਪ ਦੇਣ ਲਈ ਹੀ ਹੁੰਦੀ ਹੈ। ਜਦ ਸ਼ਬਦ ਹੀ ਨਾਂਵ ਹੋਵੇਗਾ, ਤਾਂ ਉਹਦਾ ਰੂਪ ਭੀ ਨਾਵਾਂ ਵਾਲਾ ਚਾਹੀਏ। ਯਥਾ:-

When the word appears as noun then the last consonant has no syllable Sihari because Sihari appears as the preposition as shown on the following Gurbani lines;

ਬਾਹਰ – **"ਬਾਹਰ ਕਾ ਮਾਸੁ ਮੰਦਾ, ਸੁਆਮੀ , ਘਰ ਕਾ ਮਾਸੁ ਚੰਗੇਰਾ॥"**
(ਮ: ੧, ਵਾਰ ਮਲਾਰ)

ਇਸ ਤੁਕ ਵਿਚ 'ਬਾਹਰ' 'ਘਰ' ਦੇ ਮੁਕਾਬਲੇ' ਤੇ ਨਾਂਵ ਕਰਕੇ ਆਇਆ ਹੈ ਅਤੇ ਸੰਬੰਧਕੀ ਚਿੰਨ੍ਹ ਦੀ ਥਾਂ ਇਕ ਵੱਖਰਾ ਪਦ 'ਕਾ' ਵਰਤਿਆ ਹੋਇਆ ਹੈ, ਇਸ ਲਈ 'ਬਾਹਰ' ਦਾ ਰਾਰਾ ਖਾਲੀ ਹੈ,

In the above Gurbani phrase, the word **'ਬਾਹਰ'** and **'ਘਰ'** appeared as noun therefore instead of preposition syllable (sihari) the word **'ਕਾ'** is used by leaving the last consonant **'ਰ'** empty (without syllable)

ਨੋਟ: ਸੰਬੰਧ ਕਾਰਕ (Possessive case**, ਮੁਰੱਕਬ ਇਜਾਫ਼ੀ) ਵਿਚ ਸੰਬੰਧੀ ਨਾਂਵ ਦੇ ਅੰਤਲੇ ਅੱਖਰ ਨਾਲੋਂ ਔਂਕੜ ਲਹਿ ਕੇ ਮੁਕਤਾ ਹੋ ਜਾਂਦਾ ਹੈ, ਭਾਂਵੇ ਸੰਬੰਧਕੀ ਪਦ 'ਦਾ' ਜਾਂ 'ਕਾ' ਲੋਪ ਹੋਵੇ ਜਾਂ ਪਰਗਟ**

Note: In possessive case the oungkar on the last syllable is removed although the preposition **'ਦਾ'** or **'ਕਾ'** appears or not.

"ਜਿਨ ਕੈ ਹਿਰਦੈ ਮੈਲੁ ਕਪਟੁ ਹੈ, ਬਾਹਰ ਧੋਵਾਇਆ॥" (ਮ: ੪, ਵਾਰ ਸਾਰੰਗ)
'ਬਾਹਰ, ਦੇ ਅਰਥ ਹਨ 'ਬਾਹਰਲਾ ਪਾਸਾ', ਜੋ ਨਾਂਵ ਹੈ।

The word 'ਬਾਹਰ' means outside which is a noun.

"ਹੁਕਮੁ ਭਇਆ ਬਾਹਰੁ ਘਰੁ ਛੋਡਿਆ॥" (ਸੋਰਠਿ ਮ: ੧)
ਇਥੇ ਭੀ ਘਰੁ ਬਾਹਰੁ ਨਾਂਵ ਹਨ।
The word 'ਬਾਹਰੁ' and 'ਘਰੁ' is a noun.

"ਬਾਹਰੁ ਉਦਕਿ ਪਖਾਰੀਐ॥" (ਗਉੜੀ ਬੈਰਾਗਣਿ, ਰਵਿਦਾਸ)
ਅਰਥਾਤ, ਬਾਹਰੁ ਨੂੰ ਪਾਣੀ ਨਾਲ ਧੋਵੀਏ।
means the external (ਬਾਹਰੁ) is washed with water.

ਅੰਦਰੁ – "ਅੰਦਰੁ ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ॥" (ਮ: ੫, ਵਾਰ ਰਾਮਕਲੀ)
ਜਦ ਆਪਣਾ ਅੰਦਰ ਸੱਚੇ ਨਾਮ ਨਾਲ ਵਿਨ੍ਹਿਆ ਤਾਂ ਬਾਹਰ ਭੀ ਸੱਚ ਨੂੰ ਦੇਖਿਆ।
When internally is pierced with the True Name then the externally the Truth is seen.

ਅੰਤਰੁ – ਜਦੋਂ ਅੰਤਰਿ ਦਾ ਅਰਥ ਅੰਦਰ ਜਾਂ ਵਿਚ ਹੁੰਦਾ ਹੈ , ਤਾਂ ਇਸ ਦੇ ਅੰਤ ਵਿਚ ਸਿਹਾਰੀ ਹੁੰਦੀ ਹੈ' ਪਰ ਜਦੋਂ ਇਹਦਾ ਅਰਥ ਭੇਦ ਜਾਂ ਅੰਦਰਲਾ ਹੁੰਦਾ ਹੈ, ਤਾਂ ਇਹਦਾ ਅੰਤਲਾ ਰਾਰਾ ਮੁਕਤਾ ਜਾਂ ਔਂਕੜ ਵਾਲਾ ਹੁੰਦਾ ਹੈ।
When the word 'ਅੰਤਰਿ' appears with a meaning of inside, it appears with a sihari but when the same word appears with a meaning as 'different' or 'within' then the last consonant comes with an aungkar or without any syllable as follows,
"ਤਨੁ ਮਨੁ ਦੇਇ ਨ ਅੰਤਰੁ ਰਾਖੈ॥" (ਸੂਹੀ, ਰਵਿਦਾਸ)
"ਬਾਹਰੁ ਧੋਇ ਅੰਤਰੁ ਮਨੁ ਮੈਲਾ॥" (ਆਸਾ ਮ: ੫)

ਉਰਵਾਰ,ਪਾਰ – "ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲ॥"
(ਗਉੜੀ ਬੈਰਾਗਣਿ, ਰਵਿਦਾਸ)
ਅਰਥ: ਇਸ ਸੰਸਾਰ ਤੇ ਅਗਲੇ ਜਹਾਨ ਦੀ ਜਾਣਨ ਵਾਲਿਓ (ਚਿਤ੍ਰ ਗੁਪਤੋ) ਤੁਸੀ ਬੇਸ਼ੱਕ ਲਿਖੋ ਪਏ ਉਲ-ਜਲੂਲ। ਇਥੇ ਉਰਵਾਰ ਅਤੇ ਪਾਰ ਨਾਂਵ ਹਨ।

The above line the word '**ਉਰਵਾਰ**' and '**ਪਾਰ**' is a noun.

ਓੜਕ – **ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥ (ਮਾਰੂ, ਮਃ ੫)**
'ਓੜਕਿ' ਉੱਤੇ ਤਾਂ ਕਿਰਿਆ-ਵਿਸ਼ੇਸ਼ਣ ਕਰਕੇ ਦੱਸਿਆ ਗਿਆ ਹੈ,
The word '**ਓੜਕਿ**' appears with a sihari it is a verb-adjective means 'The love which Almighty's servant feels for Almighty lasts forever.'

ਪਰ ਜਦੋਂ ਇਹਦੇ ਅਰਥ 'ਅੰਤ' ਹੁੰਦੇ ਹਨ, ਤਾਂ ਇਹ ਨਾਂਵ ਹੁੰਦਾ ਹੈ। ਅਤੇ ਇਹਦੇ ਅੰਤਲੇ ਕੱਕੇ ਨਾਲ ਸਿਹਾਰੀ ਨਹੀਂ ਹੁੰਦੀ। ਜਿਵੇਂ-
But when the word '**ਓੜਕ**' means the 'end' it appears as a noun, e.g.
"ਓੜਕ ਓੜਕ ਭਾਲਿ ਥਕੇ, ਵੇਦ ਕਹਨਿ ਇਕ ਵਾਤ॥ (ਜਪੁ ਜੀ)
ਇਥੇ 'ਓੜਕ' ਦੇ ਅਰਥ 'ਅੰਤ ਨੂੰ' ਨਹੀਂ, ਸਗੋਂ ਇਹ ਹਨ ਕਿ
'ਵੇਦ' ਬੱਸ ਇਕ ਗੱਲ ਆਖਦੇ ਹਨ ਕਿ ਅਸੀਂ ਉਸ ਦੇ ਅੰਤ ਢੂੰਡ-ਢੂੰਡ ਕੇ ਥੱਕ ਗਏ ਹਾਂ।

ਅੰਤ – **"ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ॥" (ਅਨੰਦੁ)**
ਇਥੇ 'ਅੰਤੁ' ਨਾਂਵ ਹੈ, ਇਸ ਲਈ ਇਹਦੇ ਤੱਤੇ ਨਾਲ ਸਿਹਾਰੀ ਨਹੀਂ।
The word '**ਅੰਤੁ**' is a noun therefore there is no sihari on '**ਤ**'.

ਸੰਗੁ – **"ਤਿਨ੍ ਸੰਗਿ ਸੰਗੁ ਨ ਕੀਚਈ, ਨਾਨਕ, ਜਿਨ੍ਾ ਆਪਣਾ ਸੁਆਉ॥"**
(ਮ: ੫,ਵਾਰ ਗੂਜਰੀ)
ਇਸ ਤੁਕ ਵਿਚ ਸੰਗ ਦੋ ਵੇਰੀਂ ਆਇਆ ਹੈ।ਪਹਿਲੀ ਵੇਰ ਤਾਂ ਇਹ ਸੰਬੰਧਕ ਹੈ, ਇਸ ਲਈ ਇਹਦੇ ਅੰਤ ਵਿਚ ਸਿਹਾਰੀ ਹੈ।ਦੂਜੀ ਵੇਰ ਇਹ ਇਕ- ਵਚਨੀ ਨਾਂਵ ਹੈ, ਇਸ ਲਈ ਅੰਤ ਵਿਚ ਔਂਕੜ ਹੈ।
The word '**ਸੰਗ**' repeated two times. The first **ਸੰਗਿ** appeared as with a sihari which is a preposition and the second **ਸੰਗੁ** is a singular.

ਸਾਥ – **"ਪੜਿ ਪੜਿ ਭਰੀਅਹਿ ਸਾਥ॥" (ਆਸਾ ਦੀ ਵਾਰ)**

ਇਥੇ 'ਸਾਥ' ਬਹੁਵਚਨੀ ਨਾਂਵ ਹੈ।
The word **'ਸਾਥ'** is plural.

ਮੂਲੁ – "ਇਕਿ ਮੂਲੁ ਨ ਬੁਝਨਿ ਆਪਣਾ॥" (ਆਸਾ ਦੀ ਵਾਰ)
ਇਥੇ 'ਮੂਲੁ' ਨਾਂਵ ਹੈ।
The word **'ਮੂਲੁ'** is noun.

ਵਿਚੁ, ਬੀਚੁ – "ਵਿਚੁ" ਭੀ ਗੁਰਬਾਣੀ ਵਿਚ ਕਿਧਰੇ- ਕਿਧਰੇ ਨਾਂਵ ਕਰਕੇ ਵਰਤਿਆ ਗਿਆ ਹੈ।ਅਜੇਹੀਆਂ ਥਾਵਾਂ ਤੇ ਇਹਦੇ ਅੰਤਲੇ ਚੱਚੇ ਨਾਲ ਸਿਹਾਰੀ ਨਹੀਂ ਹੁੰਦੀ।ਵੇਖੋ-
'ਵਿਚੁ ਨ ਕੋਈ ਕਰਿ ਸਕੈ' (ਬਾਰਹ ਮਾਹ)
The word **'ਵਿਚੁ'** is sometimes used as a noun, the last consonant comes without any syllable or with an aungkar.

ਅਤੇ :- "ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ॥" (ਬਿਹਾਗੜਾ ਮ: ੫)
ਇਨ੍ਹਾਂ ਤੁਕਾਂ ਵਿਚ 'ਵਿਚੁ' ਅਤੇ 'ਬੀਚੁ' ਦੇ ਅਰਥ 'ਵਿਚੋਲਾਪਨ' ਹਨ। ਜਦ ਅੰਤਲੇ ਸੰਬੰਧਕੀ ਚਿੰਨ ਦੀ ਥਾਂ ਇਕ ਵੱਖਰਾ ਪਦ ਵਰਤਿਆ ਜਾਂਦਾ ਹੈ, ਤਾਂ ਭੀ ਅੰਤ ਵਿਚ ਸਿਹਾਰੀ ਨਹੀਂ ਆਉਂਦੀ। ਜਿਵੇਂ:-
In the above Gurbani phrase **'ਵਿਚੁ'** and **'ਬੀਚੁ'** means the 'middle-person'.

"ਹਉਮੈ ਮਨੁ ਅਸਥੂਲੁ ਹੈ, ਕਿਉਂ ਕਰਿ ਵਿਚੁ ਦੇ ਜਾਇ॥" (ਮ: ੩, ਵਾਰ ਗੂਜਰੀ)
ਇਥੇ 'ਵਿਚੁ ਦੇ' ਦੇ ਅਰਥ ਹਨ, 'ਵਿਚੋਂ ਦੀ' ਜਾਂ 'ਵਿਚ ਥੀਂ', ਇਸ ਲਈ 'ਵਿਚੁ' ਨਾਂਵ ਹੈ ਅਤੇ ਚੱਚਾ ਔਂਕੜ ਵਾਲਾ ਹੈ।

ਬਸੁ – 'ਵਸ' ਜਦ ਸੰਬੰਧਕੀ ਅਰਥਾਂ ਨਾਲ ਨਾ ਆਵੇ ਅਤੇ ਨਾਂਵ ਹੋਵੇ ਤਾਂ ਇਹਦੀ ਸ਼ਕਲ ਭੀ ਨਾਵਾਂ ਵਾਲੀ ਹੁੰਦੀ ਹੈ। ਵੇਖੋ:-
"ਕਿਆ ਬਸੁ ਜਉ ਬਿਖੁ ਦੇ ਮਹਤਾਰੀ॥" (ਗਉੜੀ ਕਬੀਰ)

ਫੇਰੁ – "ਫੇਰਿ ਵਸਾਇਆ ਫੇਰੁ-ਆਣਿ ਸਤਿਗੁਰਿ ਖਡੂਰੁ॥" (ਵਾਰ ਸਤਾ ਬਲਵੰਡ)
ਇਥੇ ਪਹਿਲਾਂ 'ਫੇਰਿ' ਕਿਰਿਆ-ਵਿਸ਼ੇਸ਼ਣ ਹੈ ਅਤੇ ਦੂਜਾ 'ਫੇਰੁ' ਨਾਂਵ ਹੈ, (ਇਸ

ਲਈ ਦੂਜੇ 'ਫੇਰੁ' ਦੇ ਅੰਤ ਵਿਚ ਔਂਕੜ ਹੈ, ਅਰਥ ਇਹ ਹਨ: ਫਿਰ ਭਾਈ ਫੇਰੂ ਦੇ ਪੁੱਤ੍ਰ , ਸਤਿਗੁਰੂ ਅੰਗਦ ਨੇ ਖਡੂਰ ਵਸਾਇਆ) ਉੱਤੇ ਇਕ ਹੋਰ ਮਿਸਾਲ ਦੇ ਆਏ ਹਾਂ,

The first **'ਫੇਰਿ'** is a adverb and the second **ਫੇਰੁ** is a noun. The phrase means 'Then Bhai Pheru Ji's son, Guru Angad Dev Ji came to establish Khadur'.

"ਬਹੁਤੇ ਫੇਰ ਪਏ ਕਿਰਪਨ ਕਉ...॥"
"ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ॥
ਜੁਗੁ ਜੁਗੁ ਫੇਰਿ ਵਟਾਈਅਹਿ, ਗਿਆਨੀ ਬੁਝਹਿ ਤਾਹਿ॥"
(ਆਸਾ ਦੀ ਵਾਰ)

ਇਥੇ "ਜੁਗੁ ਜੁਗੁ ਫੇਰਿ ਵਟਾਈਅਹਿ" ਦਾ ਅਰਥ ਕਰਦੇ ਹਨ ,
ਉਸ ਦਾ ਜੁਗੁ ਜੁਗੁ ਵਿਚ ਚੱਕ੍ਰ ਵਟਦਾ ਹੈ। ਇਹ ਅਰਥ ਤਦ ਠੀਕ ਹੁੰਦਾ ਜੇ 'ਫੇਰਿ' ਦੇ ਰਾਰੇ ਨਾਲ ਸਿਹਾਰੀ ਨਾ ਹੁੰਦੀ। ਨਾਲ ਹੀ 'ਵਟਾਈਅਹਿ' ਬਹੁ ਵਚਨ ਹੈ। ਇਸ ਲਈ ਠੀਕ ਅਰਥ ਇਹ ਹੋਣਗੇ :(ਉਹ ਰਥੁ ਅਤੇ ਰਥਵਾਹੁ) ਜੁਗੋ ਜੁਗ ਮੁੜ-ਮੁੜ ਵਟਾਏ ਜਾਂਦੇ ਹਨ।ਬਾਕੀ ਦੀਆਂ ਤੁਕਾਂ ਤੋਂ ਭੀ ਇਹੋ ਪਤਾ ਲਗਦਾ ਹੈ ਕਿ ਹਰ ਇਕ ਜੁਗ ਦੇ ਬਦਲਣ ਨਾਲ ਮਨੱਖੀ-ਜੀਵਨ ਦਾ ਰਥ ਅਤੇ ਰਥਵਾਹੁ ਦੋਵੇਂ ਬਦਲੇ ਜਾਂਦੇ ਹਨ।

The Asa Dhi Vaar phrase above can only mean that 'it goes in circles in ages' only if the sihari was not used on word **ਫੇਰਿ**. Therefore the correct meaning is that the chariot and its driver is changing for age after age again and again.

9.0 **ਯੋਜਕ** (conjuction)

ਇਹ ਭੀ ਯਾਦ ਰਹੇ ਕਿ ਕਈ ਸ਼ਬਦ ਦਿਸਣ ਵਿਚ ਕਿਰਿਆ-ਵਿਸ਼ੇਸ਼ਣ ਹੁੰਦੇ ਹਨ, ਪਰ ਅਸਲ ਵਿਚ ਉਹ ਯੋਜਕ ਕਰਕੇ ਵਰਤੇ ਗਏ ਹੁੰਦੇ ਹਨ।ਅਰਥਾਤ ਦੋ ਵਾਕਾਂ ਜਾਂ ਸ਼ਬਦਾਂ ਨੂੰ ਜੋੜਦੇ ਹਨ। ਇਸ ਲਈ ਉਨ੍ਹਾਂ ਦੇ ਅੰਤ ਵਿਚ ਸਿਹਾਰੀ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਜਿਵੇਂ:-

Although some words may seem to be adverb but actually they are conjuction which connects clauses or sentences. Therefore sihari will never appear on the last consonant, as follows;

ਮਤੁ – "ਹਰਿ ਜਪਦਿਆਂ ਖਿਨੁ ਢਿਲ ਨ ਕੀਜਈ, ਮੇਰੀ ਜਿੰਦੜੀਏ,
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥" (ਬਿਹਾਗੜਾ ਮ: ੪)

ਜਬ ਤਬ – "ਜਬ ਜਰੀਐ, ਤਬ ਹੋਇ ਭਸਮ ਤਨੁ, ਰਹੈ ਕਿਰਮ ਦਲ ਖਾਈ॥" (ਸੋਰਠਿ, ਕਬੀਰ)
"ਜਬ ਹਮ ਏਕੋ ਏਕੁ ਕਰਿ ਜਾਨਿਆ॥ ਤਬ ਲੋਗਹ ਕਾਹੇ ਦੁਖੁ ਮਾਨਿਆ॥"
(ਗਉੜੀ ਕਬੀਰ)

ਅਬ – "ਨੈਨ ਰਹੇ ਰੰਗੁ ਲਾਈ ॥ ਅਬ ਬੇ ਗਲ ਕਹਨੁ ਨ ਜਾਈ॥" (ਸੋਰਠਿ ਕਬੀਰ)
ਅਰਥਾਤ ਚੂੰਕਿ ਅੱਖਾਂ ਨੇ ਪ੍ਰੇਮ ਲਾਇਆ ਹੋਇਆ ਹੈ, ਇਸ ਲਈ ਕੋਈ ਹੋਰ ਗੱਲ ਆਖੀ ਨਹੀਂ ਜਾਂਦੀ।

"ਅਬ ਮੋਹਿ ਜਲਤ ਰਾਮ ਜਲੁ ਪਾਇਆ॥ ਰਾਮ ਉਦਕਿ ਤਨੁ ਜਲਤ ਬਝਾਇਆ॥" (ਗਉੜੀ ,ਕਬੀਰ)
ਅਰਥਾਤ, ਹੁਣ ਜੋ ਮੈ ਸੜਦੇ ਹੋਏ ਨੂੰ ਰਾਮ ਰੂਪੀ ਜਲ ਲੱਭਾ ਹੈ, ਇਸ ਰਾਮ ਦੇ ਪਾਣੀ ਨਾਲ ਤਨ ਸੜਦਾ ਹੋਇਆ ਠੰਡਾ ਹੋ ਗਿਆ ਹੈ। ਉਤਲੀਆਂ ਮਿਸਾਲ਼ਾਂ ਵਿਚ ਸ਼ਬਦ 'ਅਬ' ਦੋ ਦੋ ਗੱਲਾਂ ਨੂੰ ਜੋੜਦਾ ਹੈ ਕਾਰਣ ਦੱਸ ਕੇ।

ਨਾਤੁਰ (=ਨਹੀਂ ਤਾਂ,ਵਰਨਾ) – "ਗੁਰ ਪ੍ਰਸਾਦਿ ਅਕਲਿ ਭਈ ਅਵਰੈ, ਨਾਤਰੁ ਥਾ ਬੇਗਾਨਾ॥"(ਗਉੜੀ ਬੈਰਾਗਣਿ,ਕਬੀਰ)
ਅਰਥਾਤ, ਗੁਰੂ ਦੀ ਕਿਰਪਾ ਨਾਲ ਮੇਰੀ ਬੁੱਧੀ ਬਦਲ ਗਈ ਨਹੀਂ ਤਾਂ ਵਾਹਿਗੁਰੂ ਤੋਂ ਓਪਰਾ ਹੀ ਰਹਿੰਦਾ।

ਸਣੁ – "ਚੂੜਾ ਭੰਨੁ ਪਲ਼ੰਗ ਸਿਉ ਮੁੰਧੇ , ਸਣੁ ਬਾਹੀ ਸਣੁ ਬਾਹਾ॥"
(ਵਡਹੰਸ ਮ: ੧)
ਇਥੇ 'ਸਣੁ' ਦਾ ਅਰਥ ਹੈ 'ਅਤੇ ਨਾਲੋਂ'।

ਵਿਣੁ – "ਵਿਣ ਪਾਰਸੈ ਪੂਜ ਨ ਹੋਵਈ , ਵਿਣ ਮਨ ਪਰਚੇ ਅਵਰਾ ਸਮਝਾਏ॥"(ਗੂਜਰੀ ਮ: ੩)
ਪਾਰਸ ਹੋਣ ਤੋਂ ਬਿਨਾਂ ਕਿਸੇ ਦੀ ਪੂਜਾ ਨਹੀਂ ਹੁੰਦੀ, ਅਪਣੇ ਮਨ ਨੂੰ ਨਿਸਚਾ ਹੋਣ ਤੋਂ ਬਿਨਾਂ ਹੀ ਹੋਰਨਾਂ ਨੂੰ ਸਮਝਾਂਦਾ ਹੋਵੇਗਾ। ਇਥੇ ਸ਼ਬਦ 'ਵਿਣ' ਇਕ ਵਾਕ ਨੂੰ ਦੂਜੇ ਵਾਕੰਸ ਨਾਲ ਜੋੜਦਾ ਹੈ।

ਸਣੁ, ਸਹਿਤ, ਵਿਣੁ ਆਮ ਤੌਰ ਤੇ ਨਾਂਵਾ ਨਾਲ ਸੰਬੰਧਕੀ ਪਦ ਕਰਕੇ ਆਉਂਦੇ ਹਨ,ਪਰ ਚੂੰਕਿ ਸਥਾਨਵਾਚੀ ਨਹੀਂ ਹੁੰਦੇ, ਇਸ ਲਈ ਨੇਮ ੭ (ੳ) ਵਾਲੀ ਸਿਹਾਰੀ ਨਹੀ ਆਉਂਦੀ।

10.0 ਸਿਹਾਰੀ ਪੂਰਬ-ਪੂਰਣ-ਕਾਰਦੰਤਕ (Conjunctive Participle)

ਸਿਹਾਰੀ ਪੂਰਬ-ਪੂਰਣ-ਕਾਰਦੰਤਕ (Conjunctive Participle) ਦੇ ਧਾਤੂ ਸ਼ਬਦ ਦੇ ਅੰਤ ਵਿਚ ਭੀ ਅਇਆ ਕਰਦੀ ਹੈ। ਅਰਥਾਤ, ਜਿਸ ਸ਼ਬਦ ਦੇ ਅਰਥ ਹੋਣ, ਅਮਕਾ ਕੰਮ ਕਰਕੇ ਉਹਦੇ ਅੰਤ ਵਿਚ ਸਿਹਾਰੀ ਆਉਂਦੀ ਹੈ।

Sihari also appears on base words of conjunctive participle such as ‘ after doing this work’.

ਛੋਡਿ, ਬੈਸਿ – “ਮਾਸੁ ਛੋਡਿ ਬੈਸਿ ਨਕੁ ਪਕੜਹਿ ॥” (ਮ: ੧,ਵਾਰ ਮਲਾਰ)
‘ਛੋਡਿ’ ਦੇ ਅਰਥ ਹਨ, ‘ਛੋੜਿ ਕੇ’ ਅਤੇ ‘ਬੈਸਿ’ ਦੇ ਅਰਥ ਹਨ ‘ਬਹਿ ਕੇ’

ਧਰਿ – “ਧਰਿ ਤਰਾਜੂ ਤੋਲੀਐ॥” (ਆਸਾ ਦੀ ਵਾਰ)
ਤਰਾਜੂ ਵਿਚ ਧਰ ਕੇ ਤੋਲੀਏ।

ਪੁਛਿ – “ਵਡੀ ਵਡਿਆਈ ਜਾ ਪੁਛਿ ਨ ਦਾਤਿ॥” (ਆਸਾ ਦੀ ਵਾਰ)
ਰੱਬ ਦੀ ਵਡਿਆਈ ਇਸ ਲਈ ਵੱਡੀ ਹੈ ਕਿ ਉਹ ਦਾਤ ਕਿਸੇ ਕੋਲੋਂ ਪੁੱਛ ਕੇ ਨਹੀਂ ਦਿੰਦਾ।

ਕਰਿ – “ਕਰਿ ਕਿਰਪਾ ਜਿਸੁ ਆਪਿ ਬੁਝਾਇਆ॥” (ਸੁਖਮਨੀ)

ਭਨਿ,ਘੜਿ,ਢਾਹਿ – “ਭਨਿ ਭਨਿ ਘੜੀਐ ਘੜਿ ਘੜਿ ਭਜੈ, ਢਾਹਿ ਉਸਾਰੈ,ਉਸਰੇ ਢਾਹੈ॥” (ਦਖਣੀ ਓਅੰਕਾਰ)

ਬੀਜਿ – “ਬੀਜੁ ਬੀਜਿ ਦੇਖਿਓ ਬਹੁ ਪ੍ਰਕਾਰਾ॥” (ਸੂਹੀ ਮ: ੫)
ਕਈ ਤਰ੍ਹਾਂ ਦੇ ਬੀਂ ਬੀਜ ਕੇ ਵੇਖੋ।

ਬੋਲਿ – "ਕੂੜੁ ਬੋਲਿ ਕਰਹਿ ਆਹਾਰੁ॥" (ਆਸਾ ਦੀ ਵਾਰ)
ਕੂੜ ਬੋਲ਼ ਕੇ ਰੋਟੀ ਖਾਂਦੇ ਹਨ।

ਭਖਿ – "ਅਸੰਖ ਮਲੇਛ ਮਲੁ ਭਖਿ ਖਾਹਿ॥" (ਜਪੁ ਜੀ)
ਅਣਗਿਣਤ ਬੁਰੇ ਲੋਕ ਮੈਲ ਖਾ ਕੇ ਆਪਣਾ ਆਹਾਰ ਕਰਦੇ ਹਨ, ਅਰਥਾਤ, ਰੋਜ਼ੀ ਕਮਾਂਦੇ ਹਨ। ਗੁਰਬਾਣੀ ਵਿਚ ਨਿੰਦਿਆ ਕਰਨ ਨੂੰ ਮੈਲ ਖਾਣਾ ਦੱਸਿਆ ਹੈ। ਇਸ ਲਈ ਇਥੇ ਭਾਵ ਹੈ ਕਿ ਕਈ ਮਾੜੇ ਪੁਰਸ਼ ਨਿੰਦਿਆ ਕਰਕੇ ਰੋਟੀ ਕਮਾਂਦੇ ਹਨ। ਕਈ ਸੱਜਣ ਮਲੁਭਖਿ ਨੂੰ ਇਕ ਸੰਯੁਕਤ ਸ਼ਬਦ ਕਰਕੇ ਮੰਨਦੇ ਹਨ ਅਤੇ ਅਰਥ ਕਰਦੇ ਹਨ, 'ਮੈਲ ਖਾਣ ਵਾਲੇ', ਪਰ ਇਹ ਠੀਕ ਨਹੀਂ। ਗੁਰਬਾਣੀ ਵਿਚ ਜਿਥੇ ਇਹ ਸ਼ਬਦ ਜੋੜ ਕੇ ਕਰਤਰੀਵਾਚਕ ਸੰਗਿਆ ਬਣਾਈ ਹੈ, ਉਥੇ ਇਨ੍ਹਾਂ ਦੀ ਸ਼ਕਲ ਹੋਰ ਹੈ।**ਯਥਾ:–**
"ਨਿੰਦਕੁ ਨਿੰਦਾ ਕਰਿ ਮਲੁ ਧੋਵੈ , ਓਹੁ ਮਲ–ਭਖੁ ਮਾਇਆ–ਧਾਰੀ॥"(ਗੂਜਰੀ ਮ: ੪)

ਕਈ ਲੋਕ "ਜੇ ਕੋ ਆਖੈ ਬੋਲੁ ਵਿਗਾੜੁ" (ਜਪੁ ਜੀ) ਦਾ ਅਰਥ ਕੀਤਾ ਕਰਦੇ ਹਨ, 'ਜੇ ਕੋਈ ਬੋਲ ਨੂੰ ਵਿਗਾੜ ਕੇ ਆਖੇ', ਪਰ ਜੇ ਇਹ ਅਰਥ ਹੁੰਦਾ ਤਾਂ 'ਵਿਗਾੜ' ਦੇ ੜਾੜੇ ਨਾਲ ਸਿਹਾਰੀ ਹੁੰਦੀ।ਚੂੰਕਿ ਹੈ ਨਹੀਂ, ਇਸ ਲਈ ਬੋਲੁ–ਵਿਗਾੜ ਨੂੰ ਇਕ ਸੰਯੁਕਤ ਪਦ ਮੰਨਾਗੇ ਅਤੇ ਇਹਦੇ ਅਰਥ ਕਰਾਂਗੇ, 'ਬੋਲ ਨੂੰ ਵਿਗਾੜਨ ਵਾਲਾ'। ਇਕ ਹੋਰ ਥਾਂਈ ਇਉਂ ਆਇਆ ਹੈ:–
"ਅਸੀ ਬੋਲ– ਵਿਗਾੜ ਵਿਗਾੜਹ ਬੋਲ॥" (ਸਿਰੀ ਰਾਗ ਮ: ੧)

ਕਈ ਲੋਕ "ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥" (ਸੂਹੀ ਮਹਲਾ ੧)
ਨੂੰ ਇਉਂ ਪੜ੍ਹਦੇ ਹਨ: "ਸਾਜ ਨ ਚਲੇ ਪਿਆਰਿਆ ਕਿਉ ਮੇਲਾ ਹੋਈ ॥"
ਅਤੇ ਚੂੰਕਿ ਉੱਤੇ ਕੱਪੜੇ ਰੰਗਣ ਦਾ ਜਿਕਰ ਆਇਆ ਹੈ, ਇਸ ਲਈ ਇਸ ਤੁਕ ਦੇ ਅਰਥ ਕਰਦੇ ਹਨ ਕਿ, ਜੋ ਆਦਮੀ ਆਪਣੇ ਪਿਆਰੇ ਵੱਲ (ਉੱਪਰ ਦੱਸੇ ਕੱਪੜਿਆਂ ਨਾਲ) ਸੱਜ ਕੇ ਨਹੀਂ ਜਾਂਦੇ, ਉਨ੍ਹਾਂ ਦਾ ਮੇਲ ਕਿਵੇ ਹੋ ਸਕਦਾ ਹੈ। ਮੈਕਾਲਿਫ ਨੇ ਭੀ ਇਵੇਂ ਹੀ ਅਰਥ ਕੀਤਾ ਹੈ, ਪਰ ਇਹ ਠੀਕ ਨਹੀਂ। ਕਿਉਂਕਿ ਜੇ ਇਹ ਅਰਥ ਹੁੰਦੇ ਤਾਂ 'ਸਾਜ' ਦੇ ਜੱਜੇ ਨਾਲ ਸਿਹਾਰੀ ਹੁੰਦੀ, ਪਰ ਹੈ ਨਹੀ , ਇਸ ਲਈ ਠੀਕ ਅਰਥ ਇਹ ਹੋਣਗੇ :
ਸੱਜਣ ਆਪਣੇ ਪਿਆਰਿਆਂ ਨੂੰ ਮਿਲਣ ਚਲੇ ਹਨ, ਕਿਵੇਂ ਮੇਲ ਹੋਵੇ?

ਇਸੇ ਤਰ੍ਹਾਂ ਕਬੀਰ ਸਾਹਿਬ ਦੀ ਬਾਵਨ-ਅੱਖਰੀ ਵਿਚੋਂ ਹੇਠਲੀ ਤੁਕ ਦੇ ਅਰਥਾਂ ਵਿਚ ਭੁਲੇਖਾ ਪੈ ਜਾਂਦਾ ਹੈ:

"ਅਸ ਜਰਿ ਪਰ ਜਰਿ ਜਰਿ ਜਬ ਰਹੈ॥ ਤਬ ਜਾਇ ਜੋਤਿ ਉਜਾਰਉ ਲਹੈ॥"

ਪਹਿਲੇ ਦੋ ਵਾਰੀ ਆਏ 'ਜਰਿ' ਸ਼ਬਦ ਦੇ ਅਰਥ ਜ਼ਰ ਜਾਂ ਮਾਇਆ ਕੀਤਾ ਕਰਦੇ ਹਨ। ਪਰ ਇਹ ਅਰਥ ਕਰਨ ਲਈ ਜਰੂਰੀ ਹੈ ਕਿ 'ਜਰਿ' ਦੇ ਅੰਤ ਸਿਹਾਰੀ ਨਾ ਹੋਵੇ। ਠੀਕ ਅਰਥ ਇਹ ਹੋਣਗੇ: ਆਪਣੇ ਨੂੰ ਸਾੜ ਕੇ ਅਤੇ ਪਰਾਏ ਨੂੰ ਸਾੜ ਕੇ ਜਦ ਸੜ ਬਹੇਂਗਾ, ਤਦ ਜਾ ਕੇ ਵਾਹਿਗੁਰੂ ਦੀ ਜੋਤ ਦਾ ਚਾਨਣਾ ਲੱਭੇਗਾ। ਇਸ ਤੋਂ ਪਹਿਲੇ ਆਪਣੇ ਆਪ ਨੂੰ ਜੀਂਵਦਿਆਂ ਸਾੜਨ ਦਾ ਹੁਕਮ ਲਿਖਿਆ ਹੈ:

"ਜਜਾ ਜਉ ਤਨ ਜੀਵਤ ਜਰਾਵੈ॥"

ਇਸ ਕਰੜੇ ਹੁਕਮ ਦਾ ਅਮਲੀ ਭਾਵ ਕੀ ਹੈ?

ਉਹ ਇਹ ਹੈ ਕਿ ਆਪਣੀਆਂ ਅਤੇ ਪਰਾਈਆਂ ਚੀਜਾਂ ਦੀ ਜੋ ਮਨੱਖ ਨੂੰ ਤ੍ਰਿਸ਼ਨਾ ਹੈ, ਉਸ ਨੂੰ ਸਾੜ ਦੇਵੇ, ਤੇ ਇਉਂ ਸੜ ਕੇ ਵਾਹਿਗੁਰੂ ਦੀ ਅਪਾਰ ਜੋਤੀ ਦੇ ਲਿਸ਼ਕਾਰੇ ਲਵੇ।

ਗੁਰਬਾਣੀ ਵਿਆਕਰਣ

Gurbani Viakaran

MODULE 4

Content

8.0 **ਸਿਹਾਰੀ–ਸੰਬੰਧਕੀ ਰੂਪ** (Sihari- Preposition)

9.0 **ਯੋਜਕ** (conjuction)

10.0 **ਸਿਹਾਰੀ ਪੂਰਬ–ਪੂਰਣ–ਕਾਰਦੰਤਕ** (Conjunctive Participle)

11.0 ਕਾਰਦੰਤਕ (Participle)

ਮੋਡਿਊਅਲ ੩ ਵਿਚ ਦੱਸੀਆ ਹੈ ਕਿ ਕਾਰਦੰਤਕ (Participle) **ਦੇ ਨਾਲ ਆਣਾ, ਜਾਣਾ, ਬਹਿਣਾ, ਰਹਿਣਾ, ਸਕਣਾ ਆਦਿਕ ਸਹਾਇਕ-ਕਿਰਿਆ** (Auxiliary Verbs) **ਜਾਂ ਇਨ੍ਹਾਂ ਦੇ ਹੋਰ ਰੂਪਾਂ ਨੂੰ ਲਾ ਕੇ ਜੋ ਸੰਯੁਕਤ-ਕਿਰਿਆ** (Compound Verbs) **ਬਣਦੀਆਂ ਹਨ, ਉਨ੍ਹਾਂ ਵਿਚ ਭੀ ਕਾਰਦੰਤਕਾਂ ਦੇ ਅੰਤ ਵਿਚ ਸਿਹਾਰੀ ਆਉਂਦੀ ਹੈ। ਇਨ੍ਹਾਂ ਕਾਰਦੰਤਕਾਂ ਦੀ ਸ਼ਕਲ ਪ੍ਰਤੱਖ ਅਨੁਮਤਯਾਰਥ ਲਕਾਰ** (Imperative Mood[1]) **ਵਾਲੀ ਹੁੰਦੀ ਹੈ:-**

The use of participle together with auxiliary verbs such as to come, go, sit, stay, etc. in Module 3, or with other forms which makes compound verbs has a sihari on the last consonant of the participles. Such participle's form is of imperative mood as shown on the following Gurbani lines;

ਬਨਿ – "ਸੇਵਕ ਕਉ ਸੇਵਾ ਬਨਿ ਆਈ ॥" (ਸੁਖਮਨੀ)

---

[1] **Imperative Mood Definition:**

The quality of a verb that conveys the writer's attitude toward a subject. In English, the indicative mood is used to make factual statements or pose questions, the imperative mood to express a request or command, and the (rarely used) subjunctive mood to show a wish, doubt, or anything else contrary to fact.

- *indicative mood*
  "Life *is* full of misery, loneliness, and suffering--and it's all over much too soon."
  (Woody Allen)
- *imperative mood*
  "*Ask not* what your country can do for you. *Ask* what you can do for your country."
  (President John F. Kennedy)
- *subjunctive mood*
  "If I *were* rich, I'd have the time that I lack
  To sit in the synagogue and pray."
  (from *Fiddler on the Roof*)

ਦੀਸਿ – "ਦੀਸਿ ਆਵਤ ਹੈ ਬਹੁਤ ਭੀਹਾਲਾ ॥" (ਆਸਾ ਮ : ੫)

ਜਿਣਿ, ਹਾਰਿ – "ਤੇਰੈ ਨਾਇ ਰਤੇ ਸੇ ਜਿਣਿ ਗਏ, ਹਾਰਿ ਗਏ ਸਿ ਠਗਣ ਵਾਲਿਆ ॥" (ਆਸਾ ਦੀ ਵਾਰ)

ਕਢਿ – "ਇਕਨਾ ਭਾਣੈ ਕਢਿ ਲਏ ॥" (ਆਸਾ ਦੀ ਵਾਰ)

ਛਡਿ – "ਛਡਿ ਬਹਹਿ ਘਰਬਾਰੁ ॥" (ਆਸਾ ਦੀ ਵਾਰ)

ਆਣਿ – "ਹੋਇ ਇਆਣਾ ਕਰੇ ਕੰਮੁ, ਆਣਿ ਨ ਸਕੈ ਰਾਸਿ ॥"(ਆਸਾ ਦੀ ਵਾਰ)

ਭੇਜਿ – "ਸਤਿਗੁਰ ਸਾਚੈ ਦੀਆ ਭੇਜਿ ॥" (ਆਸਾ ਮ:੫)

ਧੋਇ – "ਦੇ ਸਾਬੂਣੁ ਲਈਐ ਓਹੁ ਧੋਇ ॥" (ਜਪੁ ਜੀ)

ਲਿਖਿ – "ਏਹੁ ਲੇਖਾ ਲਿਖਿ ਜਾਣੈ ਕੋਇ ॥" (ਜਪੁ ਜੀ)

ਪੀੜਿ – "ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥"(ਆਸਾ ਦੀ ਵਾਰ)

ਇਸੇ ਤਰ੍ਹਾਂ ਹੋਰ ਮਿਸਾਲਾਂ ਹਨ (In the same manner there are other examples as follows):
ਆਖਿ ਸੁਣਾਇਆ, ਜਾਇ ਜਰਿ, ਖੁਸਿ ਲਏ, ਪੂਰਿ ਰਹਿਓ, ਲੀਆ ਮਿਲਾਇ, ਪੀਵਿ ਰਹੇ, ਚੁਣਿ ਕਢੀਐ, ਆਦਿਕ।

ਇਸੇ ਤਰ੍ਹਾਂ ਜਦ ਭਾਵਾਰਥ (subject) ਅਤੇ ਸਹਾਇਕ–ਕਿਰਿਆ (auxiliary verbs) ਦੇ ਮੇਲ ਤੋਂ ਜੋ ਸੰਯੁਕਤ–ਕਿਰਿਆ ਬਣਦੀਆਂ ਹਨ, ਉਨ੍ਹਾਂ ਵਿਚ ਭੀ ਭਾਵਾਰਥ ਦੇ ਅੰਤ ਵਿਚ ਸਿਹਾਰੀ ਹੁੰਦੀ ਹੈ:–

In the same manner, when compound verbs is made with the combination of the subject and auxiliary verbs, sihari also appears on the last consonant.

ਆਖਣਿ – "ਜੇ ਕੋ ਖਾਇਕੁ ਆਖਣਿ ਪਾਇ॥" (ਜਪੁ ਜੀ)

ਪੜਣਿ – "ਲਗਾ ਪੜਣਿ ਸਲੋਕੁ॥" (ਆਸਾ ਦੀ ਵਾਰ)

ਨੋਟ: ਭਾਵਾਰਥ (subject) ਦੇ ਅੰਤ ਵਿਚ ਸਿਹਾਰੀ 'ਨੂੰ, ਲਈ, ਹੇਤ' ਦੇ ਅਰਥਾਂ ਨਾਲ ਆਉਂਦੀ ਹੈ, ਪਰ ਭਾਵਾਰਥ ਤੇ ਇਸ ਦੇ ਸੰਯੁਕਤ ਕਿਰਿਆ ਵਾਲੇ ਭਾਵਾਰਥ ਵਿਚ ਫਰਕ ਇਹ ਹੈ ਕਿ ਉਥੇ ਤਾਂ ਭਾਵਾਰਥ ਨਾਂਵ ਸੀ ਅਤੇ ਸਿਹਾਰੀ ਸੰਬੰਧਕੀ ਚਿੰਨ੍ਹ ਸੀ, ਇਥੇ ਭਾਵਾਰਥ ਮੁਖ ਕਿਰਿਆ ਹੈ।

Note: At the end of the subject sihari appears with the meaning, 'this, for, the, etc.' but the difference between the subject and the subject of the compound verb' is that the earlier subject was noun where sihari was written as preposition but here the subject is the main verb.

12.0 ਅਨੁਮਤਯਾਰਥ–ਲਕਾਰ (Imperative Mood)

ਕਈ ਵੇਰ ਪ੍ਰਤੱਖ ਅਨੁਮਤਯਾਰਥ–ਲਕਾਰ (Imperative Mood) ਨਾਲ ਸਿਹਾਰੀ ਆਉਂਦੀ ਹੈ। ਅਰਥਾਤ, ਜਦ ਕਿਸੇ ਇਕ ਪੁਰਖ ਨੂੰ ਕੋਈ ਕੰਮ ਕਰਨ ਲਈ ਕਿਹਾ ਜਾਵੇ ਕਿ, ਤੂੰ ਅਮਕਾ ਕੰਮ ਕਰ, ਤਾਂ ਉਸ ਹਾਲਤ ਵਿਚ ਕਿਰਿਆ ਦੇ ਅੰਤਲੇ ਅੱਖਰ ਨਾਲ ਕਦੀ ਕਦੀ ਸਿਹਾਰੀ ਦਿਤੀ ਹੁੰਦੀ ਹੈ। ਯਥਾ:

Some times imperative mood comes with a sihari on the last consonant. When a person is instructed to perform a task (e.g. you do this), the verb's last consonant comes with a sihari as follows;

ਜਪਿ	–	"ਜਪਿ, ਜਨ, ਸਦਾ ਸਦਾ ਦਿਨ ਰੈਣੀ॥" (ਸੁਖਮਨੀ) ਹੇ ਜਨ, ਤੂੰ ਦਿਨ ਰਾਤ ਹਮੇਸ਼ਾ ਜਪ। ਬਾਣੀ ਵਿਚ ਜਿਥੇ ਭੀ 'ਜਪਿ' ਸ਼ਬਦ 'ਤੂੰ ਜਪ' ਦੇ ਅਰਥਾਂ ਨਾਲ ਆਇਆ ਹੈ, ਉਥੇ ਬਿਨਾ–ਨਾਗਾ ਪੱਪੇ ਨਾਲ ਸਿਹਾਰੀ ਆਈ ਹੈ। ਅਤੇ ਜਦ 'ਜਪੁ' ਸ਼ਬਦ ਨਾਂਵ ਅਤੇ ਕਿਰਿਆ (ਇਕ ਵਚਨ) ਕਰਕੇ ਵਰਤਿਆ

ਗਿਆ ਹੈ ਤਾਂ, ਇਸ ਦੇ ਪੱਪੇ ਨਾਲ ਔਂਕੜ ਆਉਂਦਾ ਹੈ, ਜਾਂ ਬਹੁ-ਵਚਨ ਹੋਣ ਦੀ ਹਾਲਤ ਵਿਚ ਪੱਪਾ ਮੁਕਤਾ ਹੁੰਦਾ ਹੈ। ਜਿਵੇਂ:-

'Hey being! you recite Almighty's Name at all times day and night.'

In Gurbani wherever the word **'ਜਪਿ'** appears with the meaning 'You Recite', the sihari on consonant **'ਪਿ'** comes along without fail.

Wherever the word **'ਜਪੁ'** appears as a noun and/or verb the consonant **'ਪੁ'** comes with an aungkar.

When the word **'ਜਪ'** appears with the consonant **'ਪ'** without any syllable it means plural.

"ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥" (ਰਹਰਾਸਿ)
"ਪ੍ਰਭ ਕੈ ਸਿਮਰਨਿ ਜਪ ਤਪ ਪੂਜਾ॥" (ਸੁਖਮਨੀ)
"ਅਸੰਖ ਜਪ ਅਸੰਖ ਭਾਉ॥" (ਜਪੁ ਜੀ)

ਇਸ ਕਰਕੇ ਜਪੁ ਜੀ ਸਾਹਿਬ ਦੇ ਮੁੱਢ ਵਿਚ ਜੋ 'ਜਪੁ' ਸ਼ਬਦ ' ਗੁਰ ਪ੍ਰਸਾਦਿ' ਦੇ ਪਿਛੋਂ ਆਇਆ, ਉਹ ਨਾਂਵ ਇਸ ਕਰਕੇ ਹੈ ਕਿ 'ਜਪੁ' ਨਾਮ ਬਾਣੀ ਦਾ ਸਿਰਲੇਖ ਕਰਕੇ ਵਰਤਿਆ ਗਿਆ ਹੈ ਅਤੇ ਕਿਰਿਆ ਇਸ ਕਰਕੇ ਹੈ ਕਿ ਪਰਮਾਤਮਾ ਦੇ ਸਰੂਪ ਅਤੇ ਤਟੱਸਥੀ ਲੱਖਣ ਜਪਣੇ ਯੋਗ ਹਨ। ਇਸ ਕਰਕੇ ਇਸ ਦਾ ਸੰਬੰਧ ਮੂਲ-ਮੰਤਰ ਨਾਲ ਹੈ। ਇਸ ਕਰਕੇ ਇਹ ਅਨੁਮਤਯਾਰਥ ਲਕਾਰ (Imperative Mood) **ਵੀ ਹੈ ਜਿਸ ਦਾ ਅਰਥ ਹੈ 'ਜਪਣਾ ਕਰੋ' ਇਸ ਕਰਕੇ 'ਜਪੁ' ਕਿਰਿਆਵੀ-ਨਾਂਵ ਹੈ। ਇਸ ਦਾ ਅਰਥ 'ਜਨਣੇ ਯੋਗ' ਵੀ ਹੋ ਸਕਦਾ ਹੈ ਇਸ ਕਰਕੇ ਇਹ ਕਿਰਿਆ ਵਚਕ ਸ਼ਬਦ ਹੈ।**

Therefore in the beginning of Sri Guru Granth Sahib Ji the word 'Jap' which apperas after 'Gurpersad' is a noun as well as a verb. The word 'Jap' is a noun as it is the title of the Gurbani (Jap Ji Sahib) and a verb because 'Jap' with an auangkar defines an act of worth for recitation as the words before were the original and creator characteristics of

		Almighty. Therefore this word has undoubtful connection with the Mul-Mantar. The word "Mool" means "main", "root" or "chief" and "Mantar" means "magic chant" or "magic portion". Together the words "Mool Mantar" mean the "Main chant" or "root verse". Therefore the word **'ਜਪੁ'** is imperative mood which clearly defines the act or command to recite. **ਨੋਟ: 'ਜਪੁ' ਸ਼ਬਦ ਦੇ 'ਪ' ਨੂੰ ਔਂਕੜ ਇਸ ਕਰਕੇ ਲਾਇਆ ਕੇ ਇਹ ਭਾਵਾਰਥ** (subject) **ਦੇ ਹੁੰਦਿਆ ਵੀ ਕਿਰਿਆ ਵਾਚਕ ਸ਼ਬਦ ਹੈ ਕਿਉਂਕੇ ਇਥੇ ਭਾਵਾਰਥ ਹੀ ਮੁਖ ਕਿਰਿਆ ਹੈ।** Note: The 'Jap' word's **'ਪ'** appears with an auankar which defines the subject as well as verb because the subject is the main verb.

ਸਾਲਾਹਿ, ਸਿਮਰਿ, ਆਹਿ	–	**"ਏਕੋ ਜਪਿ, ਏਕੋ ਸਾਲਾਹਿ ॥ ਏਕੁ ਸਿਮਰਿ, ਏਕੋ ਮਨ ਆਹਿ ॥" (ਸੁਖਮਨੀ) ਅਰਥਾਤ, ਇਕੋ ਰੱਬ ਨੂੰ ਤੂੰ ਜਪ ਅਤੇ ਇਕੋ ਨੂੰ ਸਲਾਹ। ਇਕ ਨੂੰ ਤੂੰ ਸਿਮਰ ਅਤੇ ਹੇ ਮਨ! ਇਕੋ ਨੂੰ ਤੂੰ ਚਾਹ।**
ਲੇਹਿ, ਦੇਹਿ	–	**"ਮਨ ਮੇਰੇ, ਤਿਨ ਕੀ ਓਟ ਲੇਹਿ ॥ ਮਨੁ ਤਨੁ ਅਪਨਾ ਤਿਨ ਜਨ ਦੇਹਿ ॥" (ਸੁਖਮਨੀ)**
ਸੁਣਿ:	–	**"ਚਤੁਰਾਈ ਨ ਪਾਇਆ ਕਿਨੈ, ਤੂੰ ਸੁਣਿ ਮਨ ਮੇਰਿਆ॥" (ਅਨੰਦ)**
ਕਰਿ:	–	**"ਰਾਮ ਨਾਮ ਸਿਉ ਕਰਿ ਬਿਉਹਾਰੋ॥" (ਗਉੜੀ ਬ: ਅਖਰੀ ਮ: ੫)**
ਧਰਿ:	–	**"ਧਰਿ ਜੀਅਰੇ ਇਕ ਟੇਕ ਤੂੰ, ਲਾਹਿ ਬਿਡਾਨੀ ਆਸ॥" (ਗਉੜੀ ਬਾ: ਅਖਰੀ ਮ: ੫)**

13.0 **ਅਧੀਨ ਵਾਕੰਸ** (Subordinate Clause)

ਗੁਰਬਾਣੀ ਵਿਚ ਇਕ ਤਰ੍ਹਾਂ ਦੀ ਅਧੀਨ ਵਾਕੰਸ਼ (Subordinate Clause) **ਆਉਂਦੀ ਹੈ, ਜੋ ਅੱਜ ਕਲ੍ਹ ਲੋਪ ਹੋ ਗਈ ਹੈ। ਇਹਦੇ ਮੁਕਾਬਲੇ ਉੱਤੇ ਅੱਜ ਕੁਲ ਇਹੋ ਜਿਹੀਆਂ ਵਾਕੰਸ਼ਾਂ ਵਰਤੀਆਂ ਜਾਂਦੀਆਂ ਹਨ:**

In Gurbani there is only one type of subordinate clause appears which has disappeared in the present time. Now days the following clauses are used;

"ਹੁਕਮ ਮੰਨਿਆਂ" ਪਰਵਾਣੁ ਹੋਈਦਾ ਹੈ। "ਕੂੜ ਕਮਾਣ ਨਾਲ" ਕੂੜ ਹੀ ਹੁੰਦਾ ਹੈ। "ਸਿਰ ਨਿਵਾਇਆ" ਕੀ ਹੁੰਦਾ ਹੈ?

ਗੁਰਬਾਣੀ ਵਿਚ ਇਨ੍ਹਾਂ ਹੀ ਵਾਕਾਂ ਨੂੰ ਇਉਂ ਪੜ੍ਹੋਗੇ:

But in Gurbani the clauses are written in the following manner;

"ਹੁਕਮਿ ਮੰਨਿਐ ਹੋਵੈ ਪਰਵਾਣ॥"
"ਕੂੜਿ ਕਮਾਣੈ ਕੂੜੋ ਹੋਵੈ॥"
"ਸੀਸ ਨਿਵਾਇਐ ਕਿਆ ਥੀਐ॥"

ਇਨ੍ਹਾਂ ਵਿਚ ਪਹਿਲੇ ਦੋ ਸ਼ਬਦ ਅਧੀਨ ਵਾਕੰਸ਼ ਹਨ, ਜਿਨ੍ਹਾਂ ਵਿਚ ਮੁਖ ਵਾਕ ਦਾ ਕਾਰਣ ਦਿੱਤਾ ਹੋਇਆ ਹੈ। ਇਹੋ ਜਿਹੀ ਵਾਕੰਸ਼ ਵਿਚ ਦੋ ਸਬਦ ਹੁੰਦੇ ਹਨ, ਇਕ ਨਾਂਵ ਅਤੇ ਦੂਜਾ ਕਿਰਿਆ। ਨਾਂਵ ਦੇ ਅੰਤ ਵਿਚ ਸਿਹਾਰੀ ਜ਼ਰੂਰ ਹੋਵੇਗੀ ਅਤੇ ਕਿਰਿਆ ਦੇ ਅੰਤ ਵਿਚ ਦੁਲਾਵਾਂ। ਯਥਾ:-

In the above Gurbani lines, the first two words are subordinate clause in which the cause is defined. Such subordinate clauses are made of two words, the first a noun and the second verb. The last consonant of the noun appears with a sihari and the verb ends with dulava.

ਨਾਮਿ ਸਲਾਹਿਐ	–	**" ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ॥" (ਮ: ੫, ਵਾਰ ਗਉੜੀ)**
ਧਾਨਿ ਖਾਧੈ	–	**"ਏਤੁ ਧਾਨਿ ਖਾਧੈ ਤੇਰਾ ਜਨੰੁ ਗਇਆ ॥"(ਮ:੩,ਆਸਾ ਪੱਟੀ)** **ਇਸ ਧਾਨ ਦੇ ਖਾਧਿਆਂ ਤੇਰਾ ਜਨਮ ਵਿਅਰਥ ਗਿਆ।**
ਸਤਿਗੁਰਿ	–	**"ਸਤਿਗੁਰਿ ਮਿਲਿਐ ਸਚੁ ਪਾਇਆ ॥" (ਆਸਾ ਦੀ ਵਾਰ)**

ਮਿਲਿਐ		ਸਤਿਗੁਰੂ ਦੇ ਮਿਲਣ ਕਰਕੇ ਸੱਚ ਲੱਭਾ।
ਲੋਕਿ ਪਤੀਣੈ	–	"ਲੋਕਿ ਪਤੀਣੈ ਨਾ ਪਤਿ ਹੋਇ ॥" (ਧਨਾਸਰੀ ਮ:੧) ਲੋਕਾਂ ਦੇ ਪਤੀਜਣੇ ਨਾਲ।
ਪਾਰਸਿ ਪਰਸਿਐ	–	"ਪਾਰਸਿ ਪਰਸਿਐ ਪਾਰਸੁ ਹੋਇ॥" (ਸ੍ਰੀ ਰਾਗੁ ਮ: ੩)
ਪਿੰਡਿ ਮੂਐ	–	"ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥" (ਗਉੜੀ ਕਬੀਰ) ਸਰੀਰ ਦੇ ਮੋਇਆਂ ਆਤਮਾ ਕਿਥੇ ਚਲਾ ਜਾਂਦਾ ਹੈ।
ਜੋਬਨਿ ਹਾਰਿਆ	–	"ਜਰੁ ਆਈ ਜੋਬਨਿ ਹਾਰਿਆ॥" (ਆਸਾ ਦੀ ਵਾਰ) ਗਿਆਨੀ ਸੱਜਣ ਇਸ ਦਾ ਅਰਥ ਇਉਂ ਕਰਦੇ ਹਨ ਕਿ ਜਦ ਬੁਢੇਪਾ ਆ ਗਿਆ ਤਦ ਜੋਬਨ ਹਾਰ ਗਿਆ, ਜਾਂ ਬੁਢੇਪਾ ਆ ਗਿਆ ਜੋਬਨ ਹਾਰ ਗਿਆ। ਪਰ ਇਹ ਅਰਥ ਠੀਕ ਨਹੀਂ , ਕਿਉਂ ਕਿ 'ਜੋਬਨਿ' ਦੇ ਨੰਨੇ ਨਾਲ ਸਿਹਾਰੀ ਹੈ। ਇਥੇ 'ਜਰੁ ਆਈ' ਮੁੱਖ–ਵਾਕ ਹੈ ਅਤੇ 'ਜੋਬਨਿ ਹਾਰਿਆ' ਅਧੀਨ ਵਾਕੰਸ ਹੈ ਕਿ ਜੋਬਨ ਦੇ ਹਾਰਿਆਂ ਜਰੁ ਆ ਗਈ। ਬੁਢੇਪੇ ਦੇ ਆਉਣ ਦਾ ਕਾਰਣ (ਪਉੜੀ ਦੀਆਂ ਉਪਰਲੀਆਂ ਤੁਕਾਂ ਵਿਚ ਦੱਸੇ) ਵਿਸ਼ੇ ਵਿਕਾਰਾਂ ਦੇ ਭੋਗਣ ਕਰਕੇ ਜਵਾਨੀ ਦਾ ਹੁਟ ਜਾਣਾ। Some scholars inteprates the above Gurbani as 'when the old age arrives then youthness losses away'. But the above is not correct as the word **'ਜੋਬਨਿ'** appeared with sihari on the last consonant as **'ਜਰੁ ਆਈ'** and **'ਜੋਬਨਿ ਹਾਰਿਆ'** is Subordinate Clause which means that by losing youth age in fullfilling (from earlier lines of Gurbani) evil desires, the old age arrives.
ਮੁਖਿ ਜੋਰਿਐ	–	"ਸਾਕਤ ਸਿਉ ਮੁਖਿ ਜੋਰਿਐ ਅਧਵੀਚਹੁ ਟੂਟੈ॥" (ਬਿਲਾਵਲੁ ਮ: ੫) ਮੁਖ ਜੋੜਨ ਨਾਲ। ਯਾਦ ਰਹੇ ਕਿ ਇਹ ਸਿਹਾਰੀ ਨਾਂਵ ਨਾਲ ਹੀ ਆਉਂਦੀ ਹੈ। ਜਦੋਂ ਇਹੋ ਜਹੀ

		ਵਾਕੰਸ ਵਿਚ ਨਾਂਵ ਦੀ ਥਾਂ ਪੜਨਾਂਵ ਹੋਵੇ ਤਾਂ ਉਸ ਪੜਨਾਂਵ ਨਾਲ ਸਿਹਾਰੀ ਨਹੀ ਹੁੰਦੀ। ਜਿਵੇਂ:– To remember that the sihari comes with a noun and when "ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ॥" (ਆਸਾ ਦੀ ਵਾਰ)

14.0 ਸਮਾਨ ਵਰਤਮਾਨ (Present Imperfect Verb)

14.1 ਬਹੁਵਚਨ ਅਨਯ ਪੁਰਖ (Third Person Plural)

ਜਦ ਸਮਾਨ ਵਰਤਮਾਨ ਕਿਰਿਆ (present imperfect verb) **ਦੇ ਅੰਤ ਵਿਚ ਨੰਨਾ ਹੋਵੇ ਅਤੇ ਉਹਦਾ ਕਰਤਾ ਬਹੁਵਚਨ ਅਨਯ ਪੁਰਖ** (third person plural) **ਹੋਵੇ, ਤਾਂ ਅੰਤਲੇ ਨੰਨੇ ਨਾਲ ਸਿਹਾਰੀ ਜ਼ਰੂਰ ਹੋਵੇਗੀ। ਅਰਥਾਤ ਜਦ ਕਿਸੇ ਸ਼ਬਦ ਦੇ ਅੰਤ ਵਿਚ ਨੰਨਾ ਹੋਵੇ ਅਤੇ ਉਹਦੇ ਅਰਥ ਹੋਣ: ਕਰਦੇ ਹਨ, ਗਾਉਦੇ ਹਨ ਆਦਿਕ, ਤਾਂ ਉਸ ਦੇ ਅੰਤਲੇ ਨੰਨੇ ਨਾਲ ਸਿਹਾਰੀ ਬਿਲਾਨਾਗਾ ਆਵੇਗੀ। ਜਿਵੇਂ:–**

When the present imperfect verb's ends with a **'ਨ'** and the composer is a third person plural then definately the **'ਨ'** will be with a sihari; which means that when a word such as 'they are doing', 'they are singing' etc. then definately the last **'ਨ'** end with a sihari.

ਗਾਵਨਿ, ਜਾਣਨਿ	–	"ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ॥" (ਸੋਦਰੁ ਆਸਾ ਮ:੧) ਅਰਥਾਤ, ਤੈਨੂੰ ਚਿਤਰ ਗੁਪਤ ਗਾਂਵਦੇ ਹਨ, ਜੋ ਲਿਖ ਜਾਣਦੇ ਹਨ।
ਵਾਇਨਿ, ਨਚਨਿ	–	"ਵਾਇਨ ਚੇਲੇ ਨਚਨਿ ਗੁਰ॥"
ਹਲਾਇਨਿ, ਫੇਰਨਿ	–	"ਪੈਰ ਹਲਾਇਨ੍ਹ ਫੇਰਨਿ੍ ਸਿਰਿ॥" (ਆਸਾ ਦੀ ਵਾਰ)
ਚੁਗਨਿ,	–	"ਕਕਰੁ ਚੁਗਨਿ, ਥਲਿ ਵਸਨਿ,ਰਬ ਨ ਛੋਡਨਿ ਪਾਸੁ॥" (ਸਲੋਕ ਫਰੀਦ)

ਵਸਨਿ, ਛੋਡਨਿ		
ਸਾਲਾਹਨਿ:	–	"ਹਿੰਦੂ ਸਾਲਾਹੀ ਸਾਲਾਹਨਿ॥" (ਆਸਾ ਦੀ ਵਾਰ) ਇਕ ਵਾ ਇਸ ਤੁਕ ਦੇ ਅਰਥ ਅਸ਼ੁੱਧ ਹੋਣ ਤੇ ਸਿੱਖਾਂ ਵਿਚ ਵੱਡਾ ਰੌਲਾ ਪਿਆ ਸੀ। ਇਥੇ 'ਸਾਲਾਹਨਿ' ਦੇ ਨੰਨੇ ਨਾਲ ਸਿਹਾਰੀ ਹੋਣ ਕਰਕੇ ਕੇਵਲ ਇਹੋ ਅਰਥ ਹੋ ਸਕਦੇ ਹਨ ਕਿ ਹਿੰਦੂ ਸ਼ਲਾਘਾ ਕਰਨ ਵਾਲੇ ਸਲਾਹੁੰਦੇ ਹਨ। The above line means that 'the hindus who praises, praise (Almighty)' because the last consonant **'ਨ'** of the word comes with a sihari. ਜਪੁ ਜੀ ਸਾਹਿਬ ਦੀ ਤੁਕ, "ਸੁਣਿਐ ਮੁਖ ਸਾਲਾਹਣ ਮੰਦੁ", ਬਾਬਤ ਭੀ ਭੁਲੇਖਾ ਪਿਆ ਕਰਦਾ ਹੈ। ਕਈ ਸੱਜਣ ਇਹਦੇ ਅਰਥ ਕਰਦੇ ਹਨ, ਕਿ ਨਾਮ ਦੇ ਸੁਣਨ ਨਾਲ ਮੰਦੇ ਲੋਕ ਮੂੰਹ ਤੋਂ ਸਲਾਹੁੰਦੇ ਹਨ, ਇਹ ਠੀਕ ਨਹੀਂ ਕਿਉਂਕਿ ਜੇ "ਸਾਲਾਹਣ" ਦੇ ਅਰਥ 'ਸਲਾਹੁੰਦੇ ਹਨ' ਹੁੰਦੇ ਤਾਂ ਇਹਦੇ ਅੰਤ ਵਿਚ ਨੰਨੇ ਨਾਲ ਸਿਹਾਰੀ ਹੁੰਦੀ। ਇਹ ਠੀਕ ਹੈ ਕਿ ਇਨ੍ਹਾਂ ਅਰਥਾਂ ਵਿਚ ਵਿਰਲੀ ਥਾਂ ਤੇ ਨੰਨੇ ਦੇ ਬਦਲੇ ਪਹਾੜੀ ਮੁਹਾਵਰੇ ਵਾਲਾ ਣਾਣਾ ਭੀ ਆ ਜਾਂਦਾ ਹੈ, ਪਰ ਬਹੁਤ ਥੋੜ੍ਹਾ। ਖੈਰ, ਨੰਨਾ ਹੋਵੇ ਜਾਂ ਣਾਣਾ, ਇਹਦੇ ਨਾਲ ਸਿਹਾਰੀ ਤਾਂ ਜਰੂਰੀ ਹੈ। ਇਸ ਲਈ 'ਸਾਲਾਹਣ' ਨੂੰ ਭਾਵਾਰਥ ਜਾਂ ਕਿਰਿਆਵੀ-ਨਾਂਵ ਕਰਕੇ ਹੀ ਮੰਨਾਂਗੇ। ਇਹਦੇ ਅਰਥ ਹਨ, ਸਲਾਹਣਾ ਅਤੇ ਸਾਰੀ ਤੁਕ ਦੇ ਅਰਥ ਇਹ ਹੋਣਗੇ: ਜਿਨਾਂ ਜਿਨਾਂ ਨੇ ਵਾਜਿਗੁਰੁ ਦੇ ਸਚੇ ਨਾਮੁ ਨੂੰ ਸ੍ਰਵਣ ਕੀਤਾ ਹੈ, ਉਹ ਭਾਵੇਂ ਮੰਦੇ ਪਾਪੀ ਸਨ, ਸੰਸਾਰ ਵਿਚ ਮੁਖੀ ਸਲਾਹੁਣੇ ਯੋਗ ਹੋ ਗਏ। In Jap Ji Sahib, **"ਸੁਣਿਐ ਮੁਖ ਸਾਲਾਹਣਿ ਮੰਦੁ",** is misunderstood as it is translated as 'Upon listening to Almighty Name, the wicked ones praises Almighty with their mouth', this would have been correct if the word would have appeared with a sihari. In the word .. the .. appeared without a sihari therefore .. is a verb-noun which means 'praise worthy'. The above line means 'Whoever listened to Almighty's Name they are become praise worthy although they were wicked before'.
ਮਰਨਿ:	–	"ਮਰਨਿ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥" (ਵਡਹੰਸ ਮ: ੧)

		ਕਈ ਇਸ ਦੇ ਅਰਥ ਇਉ ਕਰਦੇ ਹਨ : ਮਰਨਾ ਮਰਦਾਂ ਅਤੇ ਬਹਾਦਰਾਂ ਦਾ ਸੱਚਾ ਹੈ ਜੇ ਮਰਨਾ ਪਰਵਾਨ ਹੋਵੇ। ਇਥੇ ਭੁੱਲ ਇਹ ਹੈ ਕਿ ਸ਼ਬਦ 'ਮਰਨਿ' ਨੂੰ ਕਿਰਿਆਵੀ-ਨਾਂਵ ਕਰਕੇ ਲਿਆ ਗਿਆ ਹੈ। ਪਰ ਨੰਨੇ ਦੀ ਸਿਹਾਰੀ ਦਸਦੀ ਹੈ ਕਿ ਇਹ ਕਿਰਿਆ ਹੈ ਅਤੇ ਇਹਦੇ ਅਰਥ ਹਨ, ਮਰਦੇ ਹਨ। ਅਗੇ ਜਾ ਕੇ ਅੰਤਲੀ ਤੁਕ ਵਿਚ 'ਮਰਨਿ' ਦੀ ਥਾਂ 'ਮਰਹਿ' ਆਇਆ ਹੈ। ਸਾਰੀ ਤੁਕ ਦੇ ਅਰਥ ਇਹ ਹਨ: ਮਰਣਾ ਉਨ੍ਹਾਂ ਮਰਦਾਂ ਅਤੇ ਬਹਾਦਰਾਂ ਦਾ ਹੱਕ ਹੈ ਜੋ ਪਰਵਾਨ ਹੋ ਕੇ ਮਰਦੇ ਹਨ।

14.2 ਭਵਿਖੱਤ ਕਾਲ (Future Tense)

ਇਸੇ ਤਰ੍ਹਾਂ ਜਦ ਅੰਤਲੇ ਸੱਸੇ-ਨੰਨੇ ਵਾਲੀ ਕਿਰਿਆ ਭਵਿਖੱਤ ਕਾਲ (Future Tense) **ਵਿਚ ਹੋਵੇ ਅਤੇ ਉਹਦਾ ਕਰਤਾ ਬਹੁਵਚਨ ਅਨਯ-ਪੁਰਖ ਹੋਵੇ ਤਾਂ ਭੀ ਅੰਤ ਵਿਚ ਸਿਹਾਰੀ ਹੁੰਦੀ ਹੈ। ਇਹ ਕਿਰਿਆ ਪੱਛਮੀ ਪੰਜਾਬ ਵਿਚ ਅਜੇ ਤੱਕ ਵਰਤੀ ਜਾਂਦੀ ਹੈ।**
When a word's last consonant's group of **'ਸ'** and **'ਨ'** appears as future tense and third person plural the last **'ਨ'** comes along with a sihari.

ਪਉਸਨਿ	–	"ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥" (ਮ: ੧, ਵਾਰ ਰਾਮਕਲੀ)
ਜਾਸਨਿ	–	"ਮਨੂੰਖਿ ਸੀਗਾਰੁ ਨ ਜਾਣਨੀ ਜਾਸਨਿ ਜਨੂੰ ਸਭੁ ਹਾਰਿ ॥" (ਮ: ੩ ਵਾਰ ਰਾਮਕਲੀ)
ਸਿੰਵਾਪਸਨਿ	–	"ਅਗੈ ਗਏ ਸਿੰਵਾਪਸਨਿ ਚੋਟਾ ਖਾਸੀ ਕਉਣੁ ॥" (ਸਲੋਕ ਫਰੀਦ)
ਬਹਸਨਿ	–	"ਗੋਰਾ ਸੇ ਨਿਮਾਣੀਆ ਬਹਸਨਿ ਰੂਹਾ ਮਲਿ ॥" (ਸਲੋਕ ਫਰੀਦ)

14.3 ਵਰਤਮਾਨ ਕਾਲ (Present Tense)

14.3.1 ਬਹੁਵਚਨ ਅਨਯ ਪੁਰਖ (Third Person Plural)

ਜਦ ਬਹੁਵਚਨ ਅਨਯ ਪੁਰਖ (Third Person Plural) ਦੀ ਕਿਰਿਆ ਸਮਾਨ ਵਰਤਮਾਨ ਕਾਲ (Present Imperfect) ਵਿਚ ਹੋਵੇ ਤਾਂ ਅੰਤਲੇ 'ਹ' ਨਾਲ ਸਿਹਾਰੀ ਹੁੰਦੀ ਹੈ:-

When third person plural and present impect word appears then the last consonant **'ਹ'** comes with a sihari.

ਮਾਰਹਿ	–	"ਮਾਰਹਿ ਲੁਟਹਿ ਨੀਤ ਨੀਤ...॥" (ਗਉੜੀ ਮ: ੧) ਮਾਰਦੇ ਹਨ, ਲੁੱਟਦੇ ਹਨ।

14.3.2 ਇਕ-ਵਚਨ ਮੱਧਮ ਪੁਰਖ (Second Person Singular)

ਇਸੇ ਤਰ੍ਹਾਂ ਜਦ ਇਕ-ਵਚਨ ਮੱਧਮ ਪੁਰਖ (Second Person Singular) ਦੀ ਕਿਰਿਆ ਸਮਾਨ ਵਰਤਮਾਨ ਕਾਲ (Present Imperfect) ਵਿਚ ਹੋਵੇ ਤਾਂ ਭੀ ਅੰਤਲੇ 'ਹ' ਨਾਲ ਸਿਹਾਰੀ ਹੁੰਦੀ ਹੈ:-

When second person singular and present impect word appears then the last consonant **'ਹ'** comes with a sihari.

ਜੋਹਹਿ	–	"ਵੇਲਿ ਪਰਾਈ ਜੋਹਹਿ ਜੀਅੜੇ...॥" (ਗਉੜੀ ਮ: ੧)
ਰਹੀਏਹਿ, ਹੋਈਅਹਿ	–	"ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ ॥" (ਗਉੜੀ ਮ: ੧)

15.0 ਸਿਹਾਰੀ (Sihari)

15.1 ਮੂਲਿਕ ਸਿਹਾਰੀ (Original Sihari)

ਮੂਲਿਕ ਸਿਹਾਰੀ, ਅਰਥਾਤ ਜੇ ਕੋਈ ਸ਼ਬਦ ਕਿਸੇ ਹੋਰ ਬੋਲੀ ਵਿਚੋਂ ਆਉਂਦਿਆਂ ਅਪਣੇ ਨਾਲ ਅੰਤਲੀ ਸਿਹਾਰੀ ਲਿਆਇਆ ਹੋਵੇ ਤਾਂ ਉਹ ਸਿਹਾਰੀ ਕਾਇਮ ਰਹੇਗੀ। ਕੁਝ ਸ਼ਬਦ ਇਸ ਪ੍ਰਕਾਰ ਹੈ।

The original sihari is the syllable which is brought along by the words originating from its mother language and these syllable remains with the word. Some of the words are as follows;

ਹਰਿ, ਨਾਰਿ, ਰਾਸਿ (=ਰਾਸ ਮੰਡਲ),ਜੁਗਤਿ, ਧੁਨਿ, ਭੂਮਿ, ਧਰਤਿ, ਪ੍ਰੀਤਿ, ਦ੍ਰਿਸਟਿ, ਆਦਿ, ਸਿਮ੍ਰਿਤਿ, ਨਾਭਿ, ਮੇਦਨਿ, ਸ਼ਕਤੀ, ਰੈਣਿ, ਰਾਤਿ, ਰੁਤਿ, ਸ੍ਰਿਸਟਿ, ਜਾਂ ਸਿਰਠਿ, ਕੀਰਤਿ, ਰਵਿ, ਅਗਨਿ,ਜਾਂ ਆਗਿ, ਜਾਂ ਅਗਿ, ਸਮਾਧਿ, ਮਰਤਿ, ਜਤਿ, ਜੋਤਿ, ਰੀਤਿ, ਅਤਿ, ਬ੍ਰਿਤਿ, ਪਰਵਿਰਤਿ, ਨਿਰਵਿਰਤਿ, ਥਿਤਿ, ਸ਼ਾਂਤਿ, ਆਥਿ, ਸਰਣਿ, ਨਿਧਿ, ਰਿਧਿ, ਬਿਧਿ, ਜੋਨਿ, ਬਿਭੂਤਿ, ਸੁਰਤਿ, ਧੂਰਿ,ਜਾਂ ਧੂੜਿ, ਜਾਂ ਧੂਲਿ, ਮੁਨਿ, ਤ੍ਰਿਪਤਿ, ਆਧਿ, ਬਿਆਧਿ, ਉਪਾਧਿ, ਚਿੰਤਾਮਣਿ, ਸ੍ਰਸਤਿ ਜਾਂ ਸੁਅਸਤਿ ਆਦਿਕ।

ਭਗਤਿ = ਭਗਤੀ	–	ਪਰ ਜਿਥੇ ਭਗਤੀ ਕਰਨ ਵਾਲੇ ਤੋਂ ਭਾਵ ਹੋਵੇ ਉਥੇ 'ਭਗਤੁ' (ਇਕ–ਵਚਨ) ਜਾਂ 'ਭਗਤ' (ਬਹੁ–ਵਚਨ) ਆਵੇਗਾ : "ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ॥" ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ॥" (ਆਸਾ ਮ: ੪)
ਮੁਕਤਿ= ਮੁਕਤੀ	–	"ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ॥" (ਸੂਹੀ ਮ: ੫) ਪਰ ਜਿਥੇ ਭਾਵ ਮੁਕਤੀ ਪ੍ਰਾਪਤ ਕਰਨ ਵਾਲੇ ਤੋਂ ਹੋਵੇ, ਉਥੇ 'ਮੁਕਤੁ' ਜਾਂ 'ਮੁਕਤ' ਆਵੇਗਾ। "ਇਹ ਜੀਉ ਸਦਾ ਮੁਕਤੁ ਹੈ॥" (ਮ: ੩ ਵਾਰ ਗੂਜਰੀ)
ਗਤਿ= ਗਤੀ, ਮੁਕਤੀ	–	"ਨਾਮੋ ਗਤਿ ਨਾਮੋ ਪਤਿ ਜਨ ਕੀ॥" (ਧਨਾਸਰੀ ਮ: ੫) ਪਰ ਜਿਥੇ ਇਸ ਸ਼ਬਦ ਦੇ ਅਰਥ 'ਚਲਿਆ, ਗਿਆ, ਹੋਇਆ, ਹੋਣ ਉਥੇ ਇਹਦੀ ਸ਼ਕਲ 'ਗਤੁ' ਜਾਂ 'ਗਤ' ਹੋਵੇਗੀ: "ਅਪਿਓ ਪੀਓ ਗਤੁ ਥੀਓ ਭਰਮਾ...॥" (ਜੈਤਸਰੀ ਮ: ੫) ਅਰਥਾਤ, ਭਰਮ ਚਲੰਤੂ ਹੋਏ। "ਦੂਖ ਰੋਗ ਭਏ ਗਤੁ...॥' (ਆਸਾ ਮ: ੫) ਦੁੱਖ ਰੋਗ ਚਲਣੇ ਵਾਲੇ ਬਣੇ।
ਗੰਢਿ=ਗੰਠਿ	–	"ਜੇ ਜਾਣਾ ਲੜੁ ਛਿਜਣਾ ਪੀਡੀ ਪਾਈ ਗੰਢਿ॥" (ਫਰੀਦ)

ਜਾਂ ਗੰਠੀ		ਪਰ ਜਿਥੇ ਇਹ ਸ਼ਬਦ ਬਦਲ ਕੇ 'ਜੋੜ' ਦੇ ਅਰਥ ਰਖਦਾ ਅਤੇ ਪੁਲਿੰਗ ਹੁੰਦਾ ਹੈ, ਉਥੇ 'ਗੰਢਿ' ਕਰਕੇ ਲਿਖਿਆ ਜਾਂਦਾ ਹੈ:– "ਕੈਹਾਂ ਕੰਚਨੁ ਤੁਟੈ ਸਾਰੁ॥ ਅਗਨੀ ਗੰਢੁ ਪਾਏ ਲੋਹਾਰੁ॥" (ਮ: ੧, ਵਾਰ ਮਾਝ) "ਸਾਚੇ ਨਾਲਿ ਤੇਰਾ ਗੰਢੁ ਲਾਗੈ॥" (ਆਸਾ ਮ: ੩)
ਬੁਧਿ,ਸਿਧਿ= ਬੁੱਧੀ,ਸਿਧੀ	–	"ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥" (ਮ: ੧ ਵਾਰ ਮਲਾਰ) ਪਰ ਜਿਥੇ ਬੁੱਧੀ ਨੂੰ, ਸਿਧੀ ਨੂੰ ਪ੍ਰਾਪਤ ਹੋਏ–ਹੋਏ ਮਨੁੱਖਾਂ ਤੋਂ ਭਾਵ ਹੋਵੇ , ਓਥੇ ਸ਼ਬਦ ਬੁਧੁ, ਸਿਧੁ (ਇਕ–ਵਚਨ) ਜਾਂ ਬੁਧ ਸਿਧ (ਬਹੁਵਚਨ) ਆਉਣਗੇ: "ਭੈ ਵਿਚਿ ਸਿਧ ਬੁਧ ਸੁਰ ਨਾਥ॥" (ਆਸਾ ਦੀ ਵਾਰ)
ਮਤਿ=ਬੁਧਿ:	–	"ਮਤਿ ਥੋੜੀ ਸੇਵ ਗਵਾਈਐ॥" (ਆਸਾ ਦੀ ਵਾਰ) ਹੋਛੀ ਬੁਧੀ ਕਰਕੇ ਕੀਤੀ ਕਰਤੀ ਸੇਵਾ ਗਵਾ ਲਈਦੀ ਹੈ। ਇਥੇ 'ਮਤਿ' ਦੇ ਅਰਥ 'ਐਸਾ ਨਾ ਹੋਵੇ ਕਿ' ਨਹੀ ਕੀਤੇ ਜਾ ਸਕਦੇ ਕਿਉਂਕਿ ਕਿ 'ਮੱਤ' ਦਾ ਤੱਤਾ ਉਸ ਹਾਲਤ ਵਿਚ ਖਾਲੀ ਹੁੰਦਾ ਹੈ। ਜਾਂ ਉਹਦੇ ਨਾਲ ਔਂਕੜ ਹੁੰਦਾ ਹੈ। ਸਿਹਾਰੀ ਨਹੀ ਹੁੰਦੀ। ਜਦ 'ਮਤੁ' ਦੇ ਅਰਥ 'ਮੱਤਾ ਹੋਇਆ' ਜਾਂ 'ਮਸਤ' ਹੁੰਦੇ ਹਨ, ਤਾਂ ਭੀ ਤੱਤੇ ਨਾਲ ਸਿਹਾਰੀ ਨਹੀ ਹੁੰਦੀ, ਔਂਕੜ ਹੁੰਦਾ ਹੈ।ਯਥਾ– "ਮਨੁ ਮੈ ਮਤੁ ਮੈਗਲ ਮਿਕਦਾਰਾ॥" (ਧਨਾਸਰੀ ਮ: ੩) ਮਨ ਸ਼ਰਾਬ ਦਾ ਮੱਤਾ ਹੋਇਆ ਹਾਥੀ ਵਰਗਾ ਹੈ। ਇਸੇ ਵਜਨ ਤੇ ਸ਼ਬਦ 'ਕਰਮ–ਰਤ ਬਣਿਆ ਹੈ। ਜਿਸ ਦੇ ਅਰਥ ਹਨ 'ਕਰਮਾ ਦਾ ਰਤਾ: ਯਥਾ– ਕੋਈ ਹੋਆ ਕ੍ਰਮ–ਰਤੁ ਕੋਈ ਤੀਰਥ ਨਾਇਆ॥" (ਧਨਾਸਰੀ ਮ: ੫)
ਪਤਿ=ਪਤੀ ਜਾਂ ਇਜ਼ੱਤ	–	"ਜਹ ਨਿਰਮਲ ਪੁਰਖੁ ਪੁਰਖੁ–ਪਤਿ ਹੋਤਾ॥" (ਸੁਖਮਨੀ) "ਏਤੁ ਰਾਹਿ ਪਤਿ ਪਵੜੀਆ ॥" (ਜਪੁ ਜੀ) ਇਨ੍ਹਾਂ ਦੋਹਾਂ ਤੁਕਾਂ ਵਿਚ 'ਪਤਿ' ਤੋ ਭਾਵ ਪਤੀ ਜਾਂ ਭਰਤਾ ਹੈ। "ਮੂਰਖਿ ਅੰਧੈ ਪਤਿ ਗਵਾਈ॥" (ਆਸਾ ਦੀ ਵਾਰ) ਇਥੇ 'ਪਤਿ' ਦੇ ਅਰਥ ਮਾਣ ਜਾਂ ਇੱਜਤ ਹਨ। ਇਸੇ ਤਰ੍ਹਾਂ 'ਬਿਪਤਿ' ਨਾਲ ਸਿਹਾਰੀ ਆਵੇਗੀ। ਜਦ 'ਪਤ' ਦੇ ਅਰਥ 'ਪਤਰ' ਹੋਣ ਤਾਂ ਤੱਤਾ ਮੁਕਤਾ ਜਾਂ ਉਹਦੇ ਨਾਲ ਔਂਕੜ

		ਹੋਵੇਗਾ। "ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥" (ਆਸਾ ਦੀ ਵਾਰ) 'ਪਤੁ' ਜੋਗੀਆਂ ਦੀ ਸੰਪ੍ਰਦਾ ਦਾ ਭੀ ਸ਼ਬਦ ਹੈ। "ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ॥" (ਰਾਮਕਲੀ ਮ: ੩) "ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ॥" (ਰਾਮਕਲੀ ਮ: ੧)
ਮਿਤਿ=ਹਦ (Extent)	–	"ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥" (ਦਖਣੀ ਓਅੰਕਾਰੁ) ਜਿਥੇ 'ਮਿਤੁ' ਮਿੱਤਰ ਦੀ ਥਾਂ ਆਵੇ , ਉਥੇ ਤੱਤੇ ਨਾਲ ਸਿਹਾਰੀ ਨਹੀਂ ਹੁੰਦੀ : "ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥" (ਸਲੋਕ ਫਰੀਦ) "ਮਿਤੁ ਪੈਝੈ ਮਿਤੁ ਬਿਗਸੈ...॥" (ਰਾਮਕਲੀ ਸੱਦ)
ਸਤਿ=ਸਚਾ:	–	ਇਹ ਵਿਸ਼ੇਸ਼ਣ (adjective) ਹੈ ਤੇ ਇਹਦੇ ਅੰਤ ਵਿਚ ਸਿਹਾਰੀ ਆਉਂਦੀ ਹੈ: "ਚਰਨ ਸਤਿ, ਸਤਿ ਪਰਸਨਹਾਰ॥ ਪੂਜਾ ਸਤਿ, ਸਤਿ ਸੇਵਦਾਰ॥ "ਆਪਿ ਸਤਿ, ਸਤਿ ਸਭ ਧਾਰੀ॥" (ਸੁਖਮਨੀ) ਪਰ ਜਿਥੇ 'ਸਤੁ' ਨਾਂਵ (noun) ਹੁੰਦਾ ਹੈ ਉਥੇ ਇਹਦਾ ਤੱਤਾ ਮੁਕਤਾ ਜਾਂ ਔਂਕੜ ਵਾਲਾ ਹੁੰਦਾ ਹੈ।ਅਤੇ ਅਰਥ ਹੁੰਦੇ ਹਨ: 'ਸਚੁ' ਜਾਂ 'ਸਤਿਆ' 'ਦਾਨ ਪੁਨ' ਜਾਂ ਕਿਸੇ ਖਾਸ ਸ਼੍ਰੇਣੀ ਦਾ ਖਾਸ ਧਰਮ' ਜਿਵੇਂ, ਇਸਤ੍ਰੀ ਜਾਤੀ ਦਾ ਖਾਸ ਗੁਣ ਚਾਲ–ਚਲਣ ਦੀ ਪਵਿੱਤ੍ਰਤਾ ਹੈ।ਯਥਾ: "ਸੁਣਿਐ ਸਤੁ, ਸੰਤੋਖੁ, ਗਿਆਨੁ॥" (ਜਪੁ ਜੀ) ਇਥੇ 'ਸਤੁ' ਦੇ ਅਰਥ ਹਨ, ਸਚਾਈ ਦਾ ਭਾਵ। "ਪਤਿ ਵਿਣੁ ਪੂਜਾ, ਸਤ ਵਿਣੁ ਸੰਜਮ, ਜਤ ਵਿਣੁ ਕਾਹੇ ਜਨੇਊ॥" (ਰਾਮਕਲੀ ਮ: ੧) ਇਥੇ 'ਸਤ' ਦੇ ਅਰਥ 'ਦਾਨ' ਹਨ। ਬਿਨਾ ਦਾਨ ਦੇ ਸੰਜਮ ਨਾਲ ਰਹਿਣਾ ਕੰਜੂਸੀ ਹੋਵੇਗੀ।

		"ਸਤੁ ਸੀਗਾਰ, ਭਉ ਅੰਜਨੁ ਪਾਇਆ॥ ਅੰਮ੍ਰਿਤ ਨਾਮੁ ਤੰਬੋਲ ਮੁਖਿ ਖਾਇਆ॥" (ਸੂਹੀ ਮ:੫) ਇਥੇ ਇਸਤ੍ਰੀ ਰੂਪ ਹੋ ਕੇ ਗੁਰੂ ਸਾਹਿਬ ਵਾਹਿਗੁਰੂ-ਕੰਤ ਨੂੰ ਰੀਝਾਣ ਲਈ ਆਪਣੇ ਸਿੰਗਾਰ ਦਾ ਵੇਰਵਾ ਦਸਦੇ ਹਨ। "ਸਤੁ" ਤੋਂ ਭਾਵ ਇਸਤ੍ਰੀ ਦਾ ਜਤ ਹੈ। "ਬਿਨੁ ਸਤ ਸਤੀ ਹੋਇ ਕੈਸੇ ਨਾਰਿ॥" (ਗਉੜੀ ਕਬੀਰ)
ਕਲਿ=ਕਲੀ, ਕਲਿਯੁਗ, ਚਿੰਤਾ ਜਾਂ ਭਲਕੇ	-	"ਨਾ-ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ॥" (ਵਡਹੰਸੁ ਮ: ੧) "ਗੁਰਮਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥" (ਸੂਹੀ ਮ: ੫) ਇਨ੍ਹਾਂ ਦੋਹਾਂ ਤੁਕਾਂ ਵਿਚ 'ਕਲਿ' ਤੋਂ ਭਾਵ ਕਲਿਜੁਗ ਹੈ। "ਕਲਿ ਕਲੇਸ ਮਿਟੰਤ ਸਿਮਰਣਿ ਕਾਟਿ ਜਮਦੂਤ ਫਾਸ॥" (ਗੂਜਰੀ ਮ: ੫) ਇਥੇ 'ਕਲਿ' ਤੋਂ ਭਾਵ ਚਿੰਤਾ ਜਾਂ ਮਨ ਦਾ ਦੁੱਖ ਹੈ। ਜਦ 'ਕਲ' ਦੇ ਅਰਥ ਕਲਾ, ਸ਼ਕਤੀ, ਹੁਨਰ ਜਾਂ ਸਕੀਮ ਹੁੰਦੇ ਹਨ ਤਾਂ ਇਹਦੇ ਅੰਤ ਸਿਹਾਰੀ ਨਹੀ ਹੁੰਦੀ: "ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ॥" (ਆਸਾ ਦੀ ਵਾਰ) "ਜਾਤਿ ਮਹਿ ਜੋਤਿ, ਜੋਤਿ ਮਹਿ ਜਾਤਾ, ਅਕਲ ਕਲਾ ਭਰਪੂਰਿ ਰਹਿਆ॥" (ਆਸਾ ਦੀ ਵਾਰ) ਇਥੇ 'ਅਕਲ' ਦੇ ਅਰਥ 'ਕਲਪਦਾ ਤੋਂ ਰਹਿਤ' ਨਹੀ ਹੋ ਸਕਦੇ, ਕਿਉਂਕਿ ਲੱਲੇ ਨਾਲ ਸਿਹਾਰੀ ਨਹੀ। ਇਥੇ 'ਅਕਲ ਕਲਾ' ਦੇ ਅਰਥ ਹਨ : ਐਸੇ ਹੁਨਰ ਨਾਲ ਜੋ (ਬਣਾਉਟੀ) ਹੁਨਰ ਤੋਂ ਰਹਿਤ ਹੋਵੇ, ਭਾਵ ਬਹੁਤ ਹੀ ਉੱਚੇ ਅਤੇ ਅਚੰਭਾ ਕਰ ਦੇਣ ਵਾਲੇ ਕੋਮਲ ਹੁਨਰ ਨਾਲ। ਸਭ ਤੋਂ ਚੰਗਾ ਹੁਨਰ ਉਹ ਹੁੰਦਾ ਹੈ ਜਿਸ ਵਿਚ ਹੁਨਰ ਦੀ ਹੋਂਦ ਨਾ ਦਿਸੇ। ਚਿਤਰਕਾਰ ਆਪਣੇ ਹੁਨਰ ਵਿਚ ਪੂਰਨ ਸਫਲਤਾ ਤਦ ਹੀ ਪ੍ਰਾਪਤ ਕਰਦਾ ਹੈ ਜਦ ਵੇਖਣ ਵਾਲੇ ਦੀਆਂ ਅੱਖਾਂ ਦੇ ਸਾਮ੍ਹਣਿਓਂ ਚਿਤਰ ਦਾ ਕਾਗਜ਼ ਅਤੇ ਰੰਗਾਕਾਰੀ ਓਲ੍ਹੇ ਹੋ ਜਾਵੇ ਤੇ ਨਿਰੀ ਮੂਰਤ ਹੀ ਮੂਰਤ ਦਿਸੇ। ਜੇ ਮੂਰਤ ਦੀਆਂ ਅੱਖਾਂ ਅਤੇ ਬੁਲ੍ਹਾਂ ਵੱਲ ਵੇਖਦਿਆਂ ਕਾਗਜ਼ ਦੀ ਤਖਤੀ ਅਤੇ ਰੰਗ ਦੀਆਂ ਝਰੀਟਾਂ ਵੇਖਣ ਵਾਲੇ ਦੀ ਰੁਚੀ ਨੂੰ ਖਿੱਚਦੀਆਂ ਹਨ, ਤਾਂ ਉਹਦਾ ਹੁਨਰ ਪੂਰਾ ਨਹੀ। ਰਾਜਾ ਦੁਸ਼ਯੰਤ ਸਕੁੰਤਲਾ ਦੀ ਤਸਵੀਰ ਵੇਖਦਿਆਂ-ਵੇਖਦਿਆਂ ਇਨਾ ਮਗਨ ਹੋ ਜਾਂਦਾ ਹੈ ਕਿ ਉਹਦੀਆ ਆਪਣੀਆ ਅੱਖਾਂ ਚੋਂ ਹੰਝੂ ਕਿਰ ਕੇ ਮੂਰਤ ਦੀਆਂ

		ਅੱਖਾਂ ਉਤੇ ਜਾ ਪੈਂਦਾ ਹੈ, ਪਰ ਉਹਨੂੰ ਇਹੋ ਪਰਤੀਤ ਹੁੰਦਾ ਹੈ ਉਹ ਹੰਝੂ ਚਿਤਰਕਾਰ ਨੇ ਸਕੁੰਤਲਾ ਦੀਆਂ ਅੱਖਾਂ ਵਿਚ ਬਣਾਇਆ ਹੈ। ਜੇ ਦੁਸ਼ਯੰਤ ਦਾ ਕਾਗਜ਼ ਅਤੇ ਰੰਗਾਂ ਵੱਲ ਧਿਆਨ ਜਾਂਦਾ ਤਾਂ ਉਹਦੇ ਉਤੇ ਇਹ ਅਸਰ ਨਾ ਹੁੰਦਾ। ਸਾਂਗ ਰਚਣ ਵਾਲਿਆਂ ਅਤੇ ਗਾਉਣ ਵਾਲਿਆਂ ਦਾ ਭੀ ਇਹੋ ਯਤਨ ਹੁੰਦਾ ਹੈ ਕਿ ਜੋ ਵਸੀਲੇ ਤੇ ਢੰਗ ਹੁਨਰ ਨੂੰ ਕਾਮਯਾਬ ਬਣਾਨ ਵਿਚ ਵਰਤੇ ਜਾਂਦੇ ਹਨ, ਉਹ ਲੋਕਾਂ ਦੀਆਂ ਅੱਖਾਂ ਅਤੇ ਕੰਨਾਂ ਤੋਂ ਲੋਪ ਰਹਿਣ। ਇਸੇ ਲਈ ਲਾਤੀਨੀ ਵਿਚ ਇਕ ਅਖਾਵਤ ਹੈ ਕਿ "ਹੁਨਰ ਦੇ ਛੁਪਾਣ ਦਾ ਨਾਂ ਹੁਨਰ ਹੈ"। ਰੱਬ ਦਾ ਹੁਨਰ ਉਹਦੀ ਕੁਦਰਤ ਹੈ। ਗੁਰੂ ਸਾਹਿਬ ਦਾ ਭਾਵ ਇਹ ਹੈ ਕਿ ਸਾਰੀਆਂ ਸ਼੍ਰੇਣੀਆਂ ਦੀਆਂ ਹਸਤੀਆਂ ਵਿਚ ਵਾਹਿਗੁਰੂ ਦਾ ਨੂਰ ਹੈ। ਅਤੇ ਉਸੇ ਨੂਰ ਵਿਚ ਸਾਰੀਆਂ ਹਸਤੀਆਂ ਹਨ। ਪਰ ਇਹ ਨੂਰ ਉਹਨਾ ਵਿਚ ਐਸੇ ਕੋਮਲ ਹੁਨਰ ਨਾਲ ਪ੍ਰਵੇਸ਼ ਕਰ ਰਿਹਾ ਹੈ ਕਿ ਮਾਨੋ ਕੋਈ ਹੁਨਰ ਵਰਤਿਆ ਹੀ ਨਹੀ ਗਿਆ। ਮਾਦੀ ਚੀਜਾਂ ਵਿਚ ਆਤਮਿਕ-ਜੋਤ ਦਾ ਸਮਾਉਣਾ ਇਕ ਵੱਡੇ ਅਚੰਭੇ ਦੀ ਗੱਲ ਹੈ। ਗੁਲਾਬ ਦੇ ਬੂਟੇ ਵਿਚ ਉਹਦਾ ਬੀਜ, ਮਿੱਟੀ, ਪਾਣੀ, ਹਵਾ ਆਦਿਕ ਮਾਦੀ ਚੀਜਾਂ ਰਲ ਕੇ ਕੰਮ ਕਰ ਰਹੀਆਂ ਹਨ।ਪਰ ਇਨ੍ਹਾਂ ਤੋਂ ਅੱਡ ਇਕ ਹੋਰ ਕੋਮਲ ਤੋਂ ਕੋਮਲ ਚੀਜ਼ ਭੀ ਕੰਮ ਕਰ ਰਹੀ ਹੈ ਉਹ ਹੈ ਵਾਹਿਗੁਰੂ ਦੀ ਜੋਤ।ਜੋ ਉਸ ਦੀ ਮਾਦੀ ਹਸਤੀ ਵਿਚ ਅਜੇਹੇ ਬਰੀਕ ਅਤੇ ਅਦ੍ਰਿਸ਼ ਤਰੀਕੇ ਨਾਲ ਵਰਤਦੀ ਹੈ ਕਿ ਵੱਡੇ ਤੋਂ ਵੱਡਾ ਸਾਇੰਸਦਾਨ ਭੀ ਹੈਰਾਨ ਰਹਿ ਜਾਂਦਾ ਹੈ। ਇਸੇ ਤਰਾਂ ਸਾਡੇ ਸਰੀਰ, ਸਾਡੇ ਮਨ, ਸਾਡੀ ਆਤਮਾ, ਸਾਡੇ ਰੂਪ, ਸਾਡੇ ਰੰਗ ਵਿਚ ਵਾਹਿਗੁਰੂ ਦੀ ਜੋਤ ਅਲੋਪ ਹੋ ਕੇ ਵਰਤ ਰਹੀ ਹੈ ਅਤੇ ਸਾਡਾ ਭੀ ਸਭ ਤੋਂ ਉੱਚਾ ਫਰਜ਼ ਇਹੋ ਦੱਸਿਆ ਹੈ ਕਿ "ਨਿਰੰਕਾਰ ਮਹਿ ਆਕਾਰੁ ਸਮਾਵੈ॥ ਅਕਲ ਕਲਾ ਸਚੁ ਸਾਚਿ ਟਿਕਾਵੈ॥ ਸ਼ੋ ਨਰੁ ਗਰਭ ਜੋਨਿ ਨਹੀ ਆਵੈ॥" (ਆਸਾ ਮ: ੧) ਅਰਥਾਤ, ਜੋ ਮਨੁੱਖ ਆਪਣੀ ਮਾਦੀ ਹਸਤੀ ਨੂੰ ਆਕਾਰ ਰਹਿਤ ਮਹਾਂ ਜੋਤੀ ਸਰੂਪ ਵਾਹਿਗੁਰੂ ਵਿਚ ਲੀਨ ਕਰੇ ਅਤੇ ਪੂਰਣ ਜੁਗਤੀ ਨਾਲ ਆਪਣੀ ਅਸਲੀਅਤ ਨੂੰ ਵਾਹਿਗੁਰੂ ਦੀ ਅਸਲੀਅਤ ਵਿਚ ਟਿਕਾ ਦੇਵੇ, ਤਾਂ ਬਸ ਉਹ ਮੁਕਤ ਹੋ ਗਿਆ ਸਮਝੋ।
ਸਠਿ=ਸਠੀ:	–	"ਸੁਣਿਐ ਅਠਸਠਿ ਕਾ ਇਸਨਾਨੁ॥" (ਜਪੁ ਜੀ) 'ਸਠਿ' ਦੀ ਪੁਰਾਣੀ ਸ਼ਕਲ 'ਸਠੀ' ਹੈ, ਜਿਵੇਂ- "ਚਾਲੀਸੀ ਪੁਰੁ ਹੋਇ, ਪਚਾਸੀ ਪਗੁ ਖਿਸੈ, ਸਠੀ ਕੇ ਬੋਢੇਪਾ ਆਵੈ॥"

(ਵਾਰ ਮਾਝ ਮ: ੧)

ਗੁਰਬਾਣੀ ਵਿਚ 'ਸਠ' ਭੀ ਆਇਆ ਹੈ, ਜਿਸ ਦਾ ਅਰਥ ਹੁੰਦਾ ਹੈ ਮੂਰਖ (fool):

"ਸਠ ਕਠੋਰ ਕੁਲਹੀਨੁ ਬਿਆਪਤ ਮੋਹ ਕੀਚੁ॥"

(ਆਸਾ ਮ: ੫)

ਇਸੇ ਤਰ੍ਹਾਂ ਜਦ 'ਕੋਟਿ' ਦਾ ਭਾਵ 'ਕ੍ਰੋੜ' ਹੁੰਦਾ ਹੈ ਤਾਂ ਇਹਦੇ ਅੰਤ ਵਿਚ ਸਿਹਾਰੀ ਹੁੰਦੀ ਹੈ ਅਤੇ ਜਦ ਇਹਦਾ ਅਰਥ 'ਕਿਲ੍ਹਾ' ਹੁੰਦਾ ਹੈ ਤਾਂ ਟੈਂਕਾ ਖਾਲੀ ਜਾਂ ਔਂਕੜ ਨਾਲ ਆਉਂਦਾ ਹੈ। ਜਦ 'ਹਸਤਿ' 'ਹਸਤੀ' ਦੀ ਥਾਂ ਹਾਥੀ ਦੇ ਅਰਥ ਰਖਦਾ ਹੈ, ਤਾਂ ਇਹਦੇ ਅੰਤ ਵਿਚ ਸਿਹਾਰੀ ਆਉਂਦੀ ਹੈ ਅਤੇ ਜਦ ਇਹਦੇ ਅਰਥ ਹੁੰਦੇ ਹਨ, ਹਥ, ਜਾਂ 'ਹਸਦਾ' ਤਦ ਇਹਦੀ ਸ਼ਕਲ 'ਹਸਤੁ' ਜਾਂ 'ਹਸਤ' ਹੁੰਦੀ ਹੈ। 'ਸੁਧਿ' ਦੇ ਅਰਥ 'ਸੋਝੀ' ਹਨ, 'ਸੁਧੁ' ਦੇ ਅਰਥ ਸੋਧਿਆ ਹੋਇਆ ਹਨ। 'ਮੂਰਤਿ' ਦੇ ਅਰਥ 'ਮੂਰਤੀ' ਜਾਂ ਸ਼ਕਲ ਹਨ ਅਤੇ 'ਮੂਰਤੁ' ਮਹੂਰਤ ਦੀ ਥਾਂ ਆਇਆ ਹੈ।

In the same manner when the word **'ਕੋਟਿ'** means 'ten million' a sihari appears on the last consonant but it means 'fort' then **'ਟ'** remains empty or appears with an auangkar. When the word **'ਹਸਤਿ'** or **'ਹਸਤੀ'** means elephant, sihari or bihari appears on the last consonant but when the same word means 'happen', 'hand' or 'laughing' then the .. letter appears empty or with an auangkar.

In the same manner, **'ਸੁਧਿ'** means 'realisation' and **'ਸੁਧੁ'** means 'corrected'.

In the same manner, **'ਮੂਰਤਿ'** means 'idol' and **'ਮੂਰਤੁ'** means 'auspicious time'.

15.2 ਇਸਤ੍ਰੀ ਲਿੰਗ ਵਾਚਕ ਸਿਹਾਰੀ (Feminine Sihari)

ਇਸਤ੍ਰੀ ਲਿੰਗ ਸ਼ਬਦਾਂ ਵਾਸਤੇ ਸਿਹਾਰੀ ਦੀ ਵਰਤੋਂ ਕਿਤੀ ਜਾਂਦੀ ਹੈ, ਜਿਵੇਂ ਕਿ ਹੇਠ ਲਿੱਖੇ ਸ਼ਬਦ ਹਨ ਜੋ ਗੁਰਬਾਣੀ ਵਿਚ ਵਰਤੇ ਹਨ।

Sihari is often use to define a feminine word, following are some of these words which appeared in Gurbani;

ਭੰਡਾਰਣਿ, ਅਹਰਣਿ, ਸੁੋਹਾਗਣਿ, ਪਰਦੇਸਨਿ, ਕਲਾਲਨਿ, ਬੈਰਨਿ, ਮਾਲਿਨਿ, ਬਨਜਾਰਨਿ, ਬੈਰਾਗਣਿ, ਸਾਹਨਿ (=ਸ਼ਾਹਣੀ), ਸਾਪਨਿ, ਸਰਪਨਿ, ਜਲਨਿ, ਦਾਮਨਿ, ਵਰਤਣਿ, ਪੜੋਸਣਿ, ਸਉਕਨਿ, ਗੀਹਨਿ, ਤਾਜਨਿ ਜਾਂ ਤੇਜਣਿ (=ਘੋੜੀ), ਘਾਣਿ, ਕਾਣਿ, ਆਣਿ, ਪਾਣਿ।

ਕਾਮਣਿ:	**–**	**"ਗੁਣਿ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥"** **(ਤਿਲੰਗ ਮ: ੧)** **ਜੋ ਇਸਤ੍ਰੀ ਗੁਣਾ ਦੇ ਤਵੀਤ ਬਣਾਏ ਤਾਂ ਪਿਆਰੇ ਨੂੰ ਪਾ ਸਕਦੀ ਹੈ।ਪਹਿਲੇ 'ਕਾਮਣ' ਦਾ ਣਾਣਾ ਮੁਕਤਾ ਹੈ ਅਤੇ ਉਹਦਾ ਅਰਥ ਹੈ ਤਵੀਤ ਜਾਂ ਟੂਣੇ ਧਾਗੇ ਤੇ ਦੂਜੇ ਦੇ ਅੰਤ ਵਿਚ ਸਿਹਾਰੀ ਹੈ ਅਤੇ ਅਰਥ ਇਸਤ੍ਰੀ ਹੈ।** The above Gurbani line means that a woman who makes a charm of virtues obtains her beloved groom. The first **'ਕਾਮਣ'** word appeared without any syllable which means 'charm' and the second **'ਕਾਮਣਿ'** word appeared with a sihari which means 'woman'.
ਤਰੁਣਿ:		**"ਜੈਸੀ ਤਰੁਣਿ ਭਤਾਰ ਉਰਝੀ, ਪਿਰਹਿ ਸਿਵੈ, ਇਹੁ ਮਨੁ ਲਾਲ ਦੀਜੈ ॥"** **(ਆਸਾ ਮ: ੫)** **ਇਥੇ 'ਤਰੁਣਿ' ਦਾ ਅਰਥ ਇਸਤ੍ਰੀ ਹੈ।** The word **'ਤਰੁਣਿ'** here means woman. **"ਤਰਣੁ ਦੁਹੇਲਾ ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ॥"** **(ਆਸਾ ਮ: ੫)** **ਇਥੇ 'ਤਰਣੁ' ਤੋਂ ਭਾਵ 'ਤਰਣਾ' ਹੈ। ਕਈ ਭੁੱਲ ਕਰਕੇ 'ਤਰਣੁ' ਦਾ ਅਰਥ ਇਸਤ੍ਰੀ ਕਰਦੇ ਹਨ, ਕਿਉਂਕਿ ਇਸ ਤੁਕ ਵਿਚ ਸ਼ਬਦ 'ਖਸਮ' ਆਇਆ ਹੈ।** In the above line the word **'ਤਰਣੁ'** means to swim across. Some misinterpret the word **'ਤਰਣੁ'** as woman because the word

		'ਖਸਮ' appeared in same line which means husband. **'ਤਰੁਣ' ਦਾ ਅਰਥ ਜਵਾਨੀ ਹੈ:** The word **'ਤਰੁਣ'** also means youth age. **"ਤਰੁਣ ਤੇਜੁ ਪਰ ਤ੍ਰਿਅ ਮੁਖ ਜੋਹਹਿ ਸਰੁ ਅਪ ਸਰੁ ਨ ਪਛਾਣਿਆ॥'** **(ਸ੍ਰੀ ਰਾਗ ਬੇਣੀ)** **ਇਨ੍ਹਾਂ ਤੋਂ ਛੁੱਟ ਕੁਝ ਹੋਰ ਸ਼ਬਦ ਹੇਠਾਂ ਦਿੰਦੇ ਹਾਂ ਜਿਨ੍ਹਾਂ ਦੇ ਅੰਤ ਵਿਚ ਸਿਹਾਰੀ ਇਸਤ੍ਰੀ-ਲਿੰਗ ਵਾਚਕ ਹੈ:-** Other then the words mentioned above, the words written below are also the words made feminine by the sihari on the last consonant. **ਬੇਲਿ ਜਾਂ ਵੇਲਿ, ਦਾਲਿ, ਭਾਲਿ, ਭੀਤਿ, ਕਰਤੂਤਿ, ਦਾਤਿ, ਤਪਤਿ, ਛੋਤਿ, ਮਸੀਤਿ, ਰੁਤਿ, ਹਟਤਾਰਿ (=ਹੜਤਾਲ), ਲਬਧਿ, ਨਦਰਿ, ਖਬਰਿ, ਡੋਰਿ, ਵਾਰਿ ਜਾਂ ਵਾੜਿ (=ਵਾੜੀ) ਛੁਟੜਿ, ਭਸਮੜਿ, ਅਰਦਾਸਿ, ਫੁਰਮਾਇਸਿ, ਸਾਬਾਸਿ, ਰਹਰਾਸਿ, ਰਾਸਿ।**

15.3 ਇਸਤ੍ਰੀ ਲਿੰਗ ਨਾਂਵ (Feminine Noun Sihari)

ਕਈ ਵੇਰ ਜਦ ਵਿਸ਼ੇਸ਼ਣੀ ਪਦ ਇਸਤ੍ਰੀ-ਲਿੰਗ ਵਾਲੇ ਨਾਂਵ ਕਰਕੇ ਵਰਤੇ ਜਾਂਦੇ ਹਨ, ਤਾਂ ਭੀ ਅੰਤ ਵਿਚ ਸਿਹਾਰੀ ਆਉਂਦੀ ਹੈ। ਯਥਾ:-
Sometimes sihari on the last consonant is used to define feminine adjective noun, as follows;

ਬੇਪੀਰਿ	-	**"ਸੁਨਿ ਅੰਧਲੀ ਲੋਈ ਬੇਪੀਰਿ॥" (ਗੋਂਡ ਕਬੀਰ)**
ਕੁੜਿਆਰਿ	-	**"ਪਿਰ ਕਾ ਹੁਕਮੁ ਨ ਜਾਣਈ, ਭਾਈ, ਵਿਣ ਨਾਵੈ ਕੁੜਿਆਰਿ॥"** **(ਸੋਰਠਿ ਮ: ੩)**
ਸੁੰਦਰਿ, ਸੁਜਾਣਿ, ਚਤੁਰਿ	-	**"ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ॥** **ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ ॥" (ਰਾਮਕਲੀ ਮ: ੫)**

ਚੰਚਲਿ	–	"ਚੰਚਲਿ ਸੰਗਿ ਨ ਚਾਲਤੀ, ਸਖੀਏ, ਅੰਤਿ ਤਜਿ ਜਾਵਤ ਮਾਇਆ ॥" (ਬਿਲਾਵਲੁ ਮ: ੫)
ਸੁਘਰਿ, ਨਿਰਗੁਨਿ	–	"ਨਹ ਚਤੁਰਿ ਸੁਘਰਿ ਸੁਜਾਨਿ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ ॥" (ਬਿਲਾਵਲੁ ਮ: ੫) ਦੇਖੋ ਇਹੋ ਸ਼ਬਦ ਜਦੋਂ ਪੁਲਿੰਗ ਹੁੰਦੇ ਹਨ, ਤਾਂ ਸਿਹਾਰੀ ਬਿਨਾਂ ਆਉਂਦੇ ਹਨ:– "ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ ॥" (ਆਸਾ ਮ: ੫)
ਪਰਧਾਨਿ	–	"ਤੂੰ ਸਤਵੰਤੀ ਤੂੰ ਪਰਧਾਨਿ ॥" (ਆਸਾ ਮ: ੫)
ਕੁਰੂਪਿ ਸਰੂਪਿ	–	"ਪਹਿਲੀ ਕੁਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ॥ ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ॥" (ਆਸਾ ਕਬੀਰ)
ਸੇਵਕਿ	–	"ਹਿਰਦੈ ਹਰਿ ਹਰਿ ਨਾਮ ਰਸੁ ਕਵਲਾ ਸੇਵਕਿ ਤਿਸੁ॥" (ਮ: ੩, ਵਾਰ ਬਿਲਾਵਲੁ) ਜਿਸ ਦੇ ਹਿਰਦੇ ਵਿਚ ਹਰੀ ਦਾ ਨਾਮ–ਰਸ ਹੁੰਦਾ ਹੈ, ਲੱਛਮੀ ਉਸ ਦੀ ਸੇਵਕ ਹੁੰਦੀ ਹੈ।

15.4 ਅਰਬੀ ਭਾਸ਼ਾ ਦੇ ਨਾਂਵ (Arabic Language Feminine Noun Sihari)

ਅਰਬੀ ਤੋਂ ਆਏ ਨਾਂਵ ਜਿਨ੍ਹਾਂ ਦੇ ਅੰਤ ਵਿਚ ਤੇ ਦੀ ਥਾਂ ਤੱਤਾ ਹੋਵੇ ਅਤੇ ਇਸਤ੍ਰੀ–ਲਿੰਗ ਹੋਣ, ਉਨ੍ਹਾਂ ਦੇ ਅੰਤਲੇ ਤੱਤੇ ਨਾਲ ਸਿਹਾਰੀ ਦਿੱਤੀ ਹੁੰਦੀ ਹੈ:–

The feminine words originated from Arabic language appears with a sihari on the last consonant 'ਤ' as follows;

ਕੁਦਰਤਿ, ਸਿਫਤਿ, ਹਿਕਮਤਿ, ਹੁਜਤਿ, ਮਿਹਰਾਮਤਿ, ਸਰੀਅਤਿ, ਹੁਰਮਤਿ , ਗੈਰਤਿ, ਕਰਮਾਤਿ, ਜਾਂ ਕਰਾਮਾਤਿ, ਸਲਾਮਤਿ, ਕੀਮਤਿ, ਮੁਸਕਤਿ, ਮੁਹਲਤਿ, ਨਉਬਤਿ, ਨੀਅਤਿ, ਹੈਰਤਿ, ਸੂਰਤਿ, ਜਰੂਰਤਿ, ਖਿਜਮਤਿ, ਦਉਲਤਿ, ਮਿੰਨਤਿ, ਖਸਲਤਿ, ਨਿਆਮਤਿ, ਸੁਨਤਿ, ਰਈਅਤਿ, ਮਸੂਰਤਿ, ਮੁਹਬਤਿ, ਤਰੀਕਤਿ, ਮਸਲਤਿ, ਮਾਹੀਤਿ, ਉਮਤਿ।

16.0 ਸੰਖਿਆਵਾਚਕ (Count)

ਸੰਖਿਆਵਾਚਕ ਅਨਿਸਚਿਤ ਪੜਨਾਵਾਂ ਜਾਂ ਵਿਸ਼ੇਸ਼ਣਾਂ (Indefinite Pronouns or Adjectives) **ਦੀ ਬਹੁ ਵਾਚਕ ਸੰਖਿਆ ਦੇ ਪ੍ਰਗਟ ਕਰਨ ਲਈ ਭੀ ਸਿਹਾਰੀ ਵਰਤੀ ਗਈ ਹੈ:–**

Sihari is also used to highlight the count indefinate pronouns or adjectives

ਇਕਿ:	–	**ਜਦੋਂ 'ਇਕ' ਬਹੁਵਚਨ ਨਹੀ ਹੁੰਦਾ ਤਾਂ ਇਹਦੇ ਅੰਤ ਵਿਚ ਸਿਹਾਰੀ ਨਹੀ ਹੁੰਦੀ:** When **'ਇਕ'** is singular then it appears without sihari. **"ਅਸਲੁ ਇਕੁ ਧਾਤੁ॥" (ਜਪੁ ਜੀ)** **ਪਰ ਜਦੋਂ ਇਹ ਬਹੁਵਚਨ ਅਨਿਸਚਿਤ ਪੜਨਾਂਵ ਜਾਂ ਵਿਸ਼ੇਸ਼ਣ ਹੋਵੇ ਤਾਂ ਇਹਦੇ ਅੰਤ ਵਿਚ ਸਿਹਾਰੀ ਜਰੂਰ ਹੋਵੇਗੀ:** But when the count word is indefinite pronoun or adjective then it appears with a sihari. **"ਇਕਿ ਘਰਿ ਆਵਹਿ ਆਪਣੈ, ਇਕਿ ਮਿਲਿ ਮਿਲਿ ਪੁਛਹਿ ਸੁਖ॥" (ਆਸਾ ਮ: ੧)** **"ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥" (ਆਸਾ ਮ: ੪)** **ਇਸ ਨੇਮ ਨੂੰ ਮੁੱਖ ਰੱਖ ਕੇ ਵੇਖੋ ਕਿ** **"ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ॥" (ਸੂਹੀ ਫਰੀਦ)** **ਜੋ ਆਮ ਤੌਰ ਪਰ ਅਰਥ ਕੀਤੇ ਜਾਂਦੇ ਹਨ, ਉਹ ਕਿਥੇ ਤੱਕ ਠੀਕ ਹਨ। ਕਈ ਗਿਆਨੀ ਇਸ ਦਾ ਇਉਂ ਅਰਥ ਕਰਦੇ ਹਨ: ਇਕਨਾ ਨੇ ਆਪ ਪਤ ਲੈ ਲਈ, ਮਾਲਕ ਦੇ ਬਚਨ ਮੰਨ ਕੇ। ਇਸ ਵਿਚ ਕਈ ਨੇਮ ਭੰਗ ਹੁੰਦੇ ਹਨ। ਜੇ 'ਇਕ' ਦਾ ਅਰਥ ਇਕਨਾ ਨੇ ਹੁੰਦਾ ਤਾਂ ਇਹਦੇ ਅੰਤਲੇ ਕੱਕੇ ਨਾਲ ਸਿਹਾਰੀ ਹੁੰਦੀ। ਫਿਰ 'ਪਤਿ' ਜਿਸ ਦਾ ਅਰਥ 'ਇਜੱਤ' ਹੈ ਸਿਹਾਰੀ ਨਾਲ ਆਉਂਦਾ।** Normally the above shabad is translated, 'some has earn their respect by obeying the Master's instruction'. If the word **'ਇਕ'** is intepreted as 'some' then there should have been a sihari on

		‘ਕ’ as the word **‘ਪਤਿ’** with sihari means ‘honour’. **ਦੇਖੋ ਨੇਮ ੫.੦ ਜੋ ਉਪਰ ‘ਲੀ’ ਜਿਸ ਦਾ ਅਰਥ ਲਈ ਹੈ, ਉਰਦੂ ਪਦ ਹੈ, ਜੋ ਬਾਬਾ ਫਰੀਦ ਜੀ ਕਦੀ ਨਹੀ ਵਰਤ ਸਕਦੇ। ਇਸ ਤੋ ਪਤਾ ਲੱਗਾ ਕਿ ਤੁਕ ਦੇ ਅਰਥ ਠੀਕ ਨਹੀ ਹਨ। ਫਿਰ ਅਰਥ ਠੀਕ ਕਿਹੜੇ ਹੋਏ?** Refer to item 5.1 where the **‘ਲੀ’** is used to define the meaning of this Urdu word ‘**ਪਤਲੀ**’ which literally means skinny. Bhagat Fareed Ji would never have used this word (instead of ‘**ਪਤ-ਲੀ**’, ‘**ਪਤ**’means respect and ‘**ਲੀ**’means to take or to earn) **ਪੁਰਾਣੀ ਵਲਾਇਤ ਵਾਲੀ ਸਾਖੀ ਵਿਚ ਇਸ ਤੁਕ ਨੂੰ ਵਿਗਾੜ ਕੇ ਇਉ ਲਿਖਿਆ ਹੈ: “ਇਕ ਆਪਿ ਧਨ ਪਤਲੀ ਬਿਆ ਸਹ ਕੇ ਬੋਲਾ॥” ਇਸ ਤੋ ਪਤਾ ਲਗਦਾ ਹੈ ਕਿ ਸਾਖੀ ਲਿਖਣ ਵੇਲੇ ਇਸ ਤੁਕ ਦਾ ਕੀ ਅਰਥ ਸਮਝਿਆ ਗਿਆ। ਇਸ ਦੀ ਸਹਾਇਤਾ ਨਾਲ ਠੀਕ ਅਰਥ ਇਉ ਜਾਪਦੇ ਹਨ ਕਿ: ‘ਇੱਕ ਤਾਂ (ਇਸਤ੍ਰੀ ਰੂਪ) ਮਨੁੱਖ ਆਪ ਕਮਜ਼ੋਰ ਹੈ, ਉਤੋਂ ਮਾਲਕ ਦੇ ਕਰੜੇ-ਕਰੜੇ ਹੁਕਮ ਚੜਦੇ ਹਨ। ਭਾਵ ਇਹ ਕਿ ਇੱਕ ਤਾਂ ਮਨੁੱਖ ਦੀ ਜਾਤ ਹੀ ਨਿਤਾਣੀ ਤੇ ਨਿਰਬਲ ਹੈ, ਉਤੋਂ ਇਹੋ ਜਿਹੇ ਸਖਤ ਹੁਕਮ ਚੜੇ ਹੋਏ ਹਨ ਕਿ,** Based on an old scripture (Walaiet Wali Sakhi) the same shabad is written differently (compare to Gurbani) which could have been based on the meaning which is ‘Firstly the human (form of female) is weak and the command by the Master is very tough’. **“ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥” (ਆਸਾ, ਫਰੀਦ)** **“ਨਰ ਅਚੇਤ ਪਾਪ ਤੇ ਡਰੁ ਰੇ॥” (ਗਉੜੀ ਮ: ੯)** **“ਪਰ ਨਾਰੀ ਕੀ ਸੇਜ ਭੁਲਿ ਸੁਪਨੈ ਹੂੰ ਨ ਜੈਯਹੁ॥” (ਦਸਮ ਗ੍ਰੰਥ)**
ਹਿਕਿ:	**–**	**“ਬਨਿ ਭੀਆਵਲੈ ਹਿਕੁ ਸਾਥੀ ਲਧਮੁ॥” (ਮ: ੫,ਵਾਰ ਗੂਜਰੀ)** **ਇਥੇ ‘ਹਿਕੁ’ ਇਕ-ਵਚਨ ਹੈ।** **“ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ, ਨਿਤ ਕਰਦੇ ਭੋਗ ਬਿਲਾਸਾ॥”** **(ਜੈਤਸਰੀ ਮ:੫)** **ਇਥੇ ‘ਹਿਕਿ’ ਬਹੁ-ਵਚਨ ਕਰਕੇ ਸਿਹਾਰੀ ਨਾਲ ਆਇਆ ਹੈ।**
ਏਕਿ:	**–**	**“ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ॥”**

		(ਰਾਮਕਲੀ ਮ:੫)
ਹੋਰਿ:	–	'ਹੋਰ' ਜਦ ਇਕ ਵਚਨ ਹੁੰਦਾ ਹੈ ਤਾਂ ਇਹਦਾ ਰਾਰਾ ਮੁਕਤਾ ਜਾਂ ਔਂਕੜ ਵਾਲਾ ਹੁੰਦਾ ਹੈ। ਜਿਵੇਂ: When the word 'ਹੋਰ' appears as singular there is no syllable or with an aungkar on 'ਰ' as follows; "ਧਰਤੀ ਹੋਰੁ ਪਰੈ ਹੋਰੁ ਹੋਰੁ॥" (ਜਪੁ ਜੀ) "ਕਰਮਿ ਮਿਲੈ ਤਾ ਪਾਈਐ–ਹੋਰੁ ਹਿਕਮਤਿ ਹੁਕਮੁ ਖੁਆਰੁ॥" (ਆਸਾ ਦੀ ਵਾਰ) "ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥" (ਜਪੁ ਜੀ) ਪਰ ਜਦੋਂ ਇਹੋ ਸ਼ਬਦ ਬਹੁ–ਵਚਨ ਹੋ ਕੇ ਆਉਂਦਾ ਹੈ ਤਾਂ ਇਹਦੇ ਰਾਰੇ ਨਾਲ ਸਿਹਾਰੀ ਹੁੰਦੀ ਹੈ। When the word 'ਹੋਰ' appears as plural then there is a sihari on 'ਰ' as follows; "ਏਤੇ ਕੀਤੇ ਹੋਰਿ ਕਰੇਹਿ॥" (ਜਪੁ ਜੀ) "ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ॥" (ਜਪੁ ਜੀ) "ਨਾਨਕ ਨਿਰਭਉ ਨਿਰੰਕਾਰੁ, ਹੋਰਿ ਕੇਤੇ ਰਾਮ ਰਵਾਲ॥" (ਆਸਾ ਦੀ ਵਾਰ) "ਹਉ ਢਾਢੀ ਕਾ ਨੀਚ ਜਾਤਿ, ਹੋਰਿ ਉਤਮ ਜਾਤਿ ਸਦਾਇਦੇ॥" (ਆਸਾ ਦੀ ਵਾਰ)
ਅਵਰਿ:	–	"ਕਹੈ ਪ੍ਰਭੁ ਅਵਰੁ, ਅਵਰੁ ਕਿਛੁ ਕੀਜੈ॥" (ਬਿਲਾਵਲ ਮ: ੪) ਇਥੇ 'ਅਵਰ' ਇਕ–ਵਚਨ ਹੈ। "ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ॥" (ਬਿਲਾਵਲੁ ਮ: ੫) "ਜਪੁ ਤਪੁ ਸਭੁ ਕਿਛੁ ਮੰਨਿਐ, ਅਵਰਿ ਕਾਰਾ ਸਭਿ ਬਾਦਿ॥" (ਮ: ੨, ਵਾਰ ਰਾਮਕਲੀ ਮ: ੩) ਇਨ੍ਹਾਂ ਦੋਹਾਂ ਤੁਕਾਂ ਵਿਚ 'ਅਵਰਿ' ਬਹੁ–ਵਚਨ ਹੋਣ ਕਰਕੇ ਸਿਹਾਰੀ ਨਾਲ ਆਇਆ ਹੈ। When the word 'ਅਵਰਿ' appeared as plural therefore there is a sihari 'ਰ';

17.0 ਨਿਸਚੇ–ਵਾਚਕ (Demonstrative)

ਨਿਸਚੇ-ਵਾਚਕ ਪੜਨਾਂਵ ਜਾਂ ਵਿਸ਼ੇਸ਼ਣ (Demonstrative Pronouns or Adjectives) **ਇਹੁ, ਏਹੁ, ਓਹੁ, ਜਦ ਪੁਲਿੰਗ ਇਕ-ਵਚਨ ਹੋਣ ਤਾਂ ਇਹਨਾਂ ਦੇ ਅੰਤਲੇ 'ਹ' ਤਲੇ ਔਂਕੜ ਹੁੰਦਾ ਹੈ, ਜਾਂ ਜਦ ਇਸਤ੍ਰੀ-ਲਿੰਗ ਹੋਣ ਤਾਂ ਅੰਤਲੇ 'ਹ' ਨਾਲ ਸਿਹਾਰੀ ਲਗਦੀ ਹੈ:-**

When the demonstrative pronoun or adjectives (this, that, etc.) appears as singular masculine word then the last consonant **'ਹ'** comes with an aungkar and when it appears as feminine then the last consonant **'ਹ'** comes with sihari as follows;

ਏਹਿ	**–**	**"ਸਹਸਾ ਇਹੁ ਸੰਸਾਰੁ ਹੈ॥" (ਵਾਰ ਮਾਝ ਮ: ੧)** **"ਏਹੁ ਜਗਤੁ ਮਿਟੀ ਕਾ ਪੁਤਲਾ॥" (ਰਾਮਕਲੀ ਮ: ੩)** **ਇਥੇ 'ਇਹੁ' ਤੇ 'ਏਹੁ' ਇਕ-ਵਚਨ ਹਨ।** **"ਪ੍ਰਭ ਮਿਲਣੈ ਕੀ ਏਹ ਨੀਸਾਣੀ॥" (ਮਾਝ ਮ: ੫)** **ਇਥੇ 'ਏਹ' ਇਸਤ੍ਰੀ-ਲਿੰਗ ਇਕ-ਵਚਨ ਹੈ।ਪਰ** **"ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥" (ਜਪੁ)** **ਵਿਚ 'ਏਹਿ' ਬਹੁ-ਵਚਨ ਹੋਣ ਕਰਕੇ ਉਤਲੇ 'ਹ' ਨਾਲ ਸਿਹਾਰੀ ਆਈ ਹੈ।** The word **'ਏਹਿ'** appeared with sihari although it is masculine. The sihari denotes the word to be plural.
ਓਹਿ, ਓਇ	**–**	**"ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥" (ਸੁਖਮਨੀ)** **ਇਥੇ 'ਓਹੁ' ਇਕ-ਵਚਨ ਹੈ।** The word **'ਓਹੁ'** is a singular. **"ਤੂ ਓਨਾ ਕਾ ਤੇਰੇ ਓਹਿ॥" (ਸ੍ਰੀ ਰਾਗੁ ਮ: ੧)** **"ਨਾ ਓਹਿ ਮਰਹਿ ਨ ਠਾਗੇ ਜਾਹਿ॥" (ਜਪੁ)** **ਇਨ੍ਹਾਂ ਦੋਹਾਂ ਤੁਕਾਂ ਵਿਚ 'ਓਹਿ' ਬਹੁ-ਵਚਨ ਹੈ। ਕਈ ਵੇਰ 'ਓਹਿ' ਦੀ ਥਾਂ 'ਓਇ' ਆਉਂਦਾ ਹੈ।** The word **'ਓਹਿ'** in both lines above is plural and sometimes **'ਓਇ'** is used instead of **'ਓਹਿ'**. **"ਓਇ ਮਨੁੱਖ ਮੂੜ ਅਗਿਆਨੀ ਕਹੀਅਹਿ॥" (ਟੋਡੀ ਮ: ੪)**

18.0 ਭੂਤਕਾਲ (Past)

ਜਦ ਕਿਸੇ ਵਾਕ ਵਿਚ ਕਿਰਿਆ ਭੂਤਕਾਲ ਵਿਚ ਹੋਵੇ, ਤਾਂ ਉਸ ਦੇ ਕਰਤਾ ਉੱਤੇ ਜ਼ੋਰ ਦੇਣ ਲਈ ਕਰਤਾ ਦੇ ਅੰਤਲੇ ਅੱਖਰ ਨਾਲ ਸਿਹਾਰੀ ਵਰਤੀ ਹੁੰਦੀ ਹੈ। ਇਹੋ ਸਿਹਾਰੀ ਕੇ ਤੇ ਲੰਮੀ ਹੋ ਕੇ ਲਾਂ ਬਣ ਜਾਂਦੀ ਹੈ। ਜਿਸ ਦਾ ਜ਼ਿਕਰ ਲਾਂ ਦੇ ਨੇਮ ਹੇਠ ਕਰਾਂਗੇ।
Whenever there is sentence refering to the past the last consonant of the particular word is stressed by the use of a sihari. The same sihari prolongs the pronunciation of the word e.g. **'ਕਿ'** sounds like **'ਕੇ'** and **'ਤਿ'** sounds like **'ਕੇ'.**

"ਨਾਮਾ ਸੁਲਤਾਨੇ ਬਾਧਿਲਾ॥" **(ਭੈਰਉ ਨਾਮਦੇਵ)**

ਵਿਚ 'ਸੁਲਤਾਨੇ' ਬਰਾਬਰ ਹੈ 'ਸੁਲਤਾਨਿ ਦੇ' ਜਿਹਦੇ ਅਰਥ ਹਨ 'ਸੁਲਤਾਨ ਨੇ'।
The word **'ਸੁਲਤਾਨੇ'** is a short for of **'ਸੁਲਤਾਨਿ ਦੇ'** which means **'ਸੁਲਤਾਨ ਨੇ'**.

"ਠਾਢਿ ਪਾਈ ਕਰਤਾਰੇ॥" **(ਸੋਰਠਿ ਮ: ੫)**

ਵਿਚ 'ਕਰਤਾਰੇ' ਬਰਾਬਰ ਹੈ 'ਕਰਤਾਰਿ' ਦੇ ਜਿਹਦੇ ਅਰਥ ਹਨ 'ਕਰਤਾਰ ਨੇ'। ਅਜੇ ਤੱਕ ਲਹਿੰਦੇ ਪੋਠੋਹਾਰ ਓਤੇ ਉਸਮਾਨ-ਖਟੜ ਵਲ ਲੋਕੀ ਕਹਿੰਦੇ ਹਨ: ਕਿਸ਼ਨੇ ਮੈਨੂੰ ਮਾਰਿਆ। ਈਸ਼ਰ ਚੰਦੇ ਆਖਿਆ। ਜੇ ਜ਼ੋਰ ਨਾ ਦੇਣਾ ਚਾਹੁਣ ਤਾਂ ਉਹੋ ਲੋਕ ਆਖਣਗੇ: ਕਿਸ਼ਨ ਮੈਨੂੰ ਮਾਰਿਆ।
The word **'ਕਰਤਾਰੇ'** is a short for of **'ਕਰਤਾਰਿ ਦੇ'** which means **'ਕਰਤਾਰ ਨੇ'**.

ਗੁਰਿ	–	**"ਗੁਰਿ ਹਾਥੁ ਧਰਿਓ ਮੇਰੈ ਮਾਥਾ ॥" (ਜੈਤਸਰੀ ਮ: ੪)** **ਅਰਥਾਤ, ਮੇਰੇ ਮੱਥੇ ਤੇ ਹੱਥ ਗੁਰੂ ਨੇ ਧਰਿਆ।** Meaning: The Guru has placed His hand on my forehead. **"ਸੋ ਘਰੁ ਗੁਰਿ ਨਾਨਕ ਕਉ ਦੀਆ ॥" (ਗਉੜੀ ਮ: ੫)**

		ਗੁਰੂ ਨੇ ਨਾਨਕ ਨੂੰ ਦਿੱਤਾ। Meaning: Guru has given to Nanak
ਪਰਮੇਸੁਰਿ	–	"ਹਾਥ ਦੇਇ ਰਾਖੇ ਪਰਮੇਸੁਰਿ ਸਗਲਾ ਦੁਰਤੁ ਮਿਟਾਇਆ ॥" (ਗੂਜਰੀ ਮ: ੫)
ਪ੍ਰਭਿ	–	"ਸਰਬ ਕਲਿਆਣ ਪ੍ਰਭਿ ਕੀਨੇ॥" (ਸੋਰਠਿ ਮ: ੫) ਹਰ ਤਰਾਂ ਦੀ ਸੁਖ–ਸਾਂਦ ਪ੍ਰਭੂ ਨੇ ਕੀਤੀ।
ਪੁਰਖਿ	–	"ਕਰਤੈ ਪੁਰਖਿ ਤਾਲੁ ਦਿਵਾਇਆ॥" (ਸੋਰਠਿ ਮ: ੫) ਤਲਾਅ ਕਰਤੇ–ਪੁਰਖ ਨੇ ਦਿਵਾਇਆ।
ਗੁਰਿ ਅਮਰਦਾਸਿ	–	"ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ...॥" (ਕੀਰਤ, ਸਵੱਯੇ ਮ: ੪) ਗੁਰੂ ਅਮਰਦਾਸ ਨੇ ਕਰਤਾਰ ਨੂੰ ਵਸ ਕੀਤਾ।
ਸਤਿਗੁਰਿ	–	"ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ॥" (ਸਿਰੀ ਰਾਗ ਮ: ੧) ਜਿਨ੍ਹਾਂ ਨੂੰ ਤਾਂ ਸਤਿਗੁਰੂ ਨੇ ਅਸਥਾਪਨ ਕੀਤਾ ਹੋਵੇ, ਉਨ੍ਹਾਂ ਨੂੰ ਕੋਈ ਮੇਟ ਨਹੀ ਸਕਦਾ।
ਬਾਪਿ	–	"ਬਾਪਿ ਦਿਲਾਸਾ ਮੇਰੋ ਕੀਨਾ॥ ਸੇਜ ਸੁਖਾਲੀ ਮੁਖਿ ਅੰਮ੍ਰਿਤੁ ਦੀਨਾ॥ ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ॥" (ਆਸਾ ਕਬੀਰ) ਪਹਿਲੀ ਤੁਕ ਵਿਚ 'ਬਾਪਿ' ਕਰਤਾ ਹੈ ਅਤੇ ਤੀਜੀ ਵਿਚ ਕਰਮ।
ਪਿਰਿ	–	"ਪਿਰਿ ਛਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ॥" (ਤੁਖਾਰੀ ਮ: ੧)
ਮੂਰਖਿ	–	"ਮੂਰਖਿ ਅੰਧੈ ਪਤਿ ਗਵਾਈ॥" (ਆਸਾ ਦੀ ਵਾਰ) ਅੰਨ੍ਹੇ ਮੂਰਖ ਨੇ ਪਤ ਗਵਾ ਲਈ।
ਜਿਨਿ	–	"ਜਿਨਿ ਹਰਿ ਪਾਇਓ ਤਿਨਹਿ ਛਪਾਇਓ॥" (ਟੋਡੀ ਨਾਮਦੇਵ) ਜਿਸ ਕਿਸੇ ਨੇ ਹਰੀ ਨੂੰ ਪਾਇਆ, ਉਸ ਨੇ ਇਸ ਗੱਲ ਨੂੰ ਛੁਪਾ ਕੇ ਰੱਖਿਆ ਹੈ। "ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ॥" (ਸੁਖਮਨੀ)

		"ਧਨੁ ਧਨੁ ਸਤਿਗੁਰੁ ਜਿਨਿ ਨਾਮੁ ਦ੍ਰਿੜਾਇਆ॥" (ਜੈਤਸਰੀ ਮ: ੪) ਇਨ੍ਹਾਂ ਮਿਸਾਲਾਂ ਵਿਚ 'ਜਿਨਿ' ਕਰਤਾ ਹੈ। ਜਿਥੇ ਇਹ ਕਰਤਾ ਨਹੀ ਹੁੰਦਾ, ਉਥੇ ਇਹਦੇ ਅੰਤ ਵਿਚ ਸਿਹਾਰੀ ਨਹੀ ਹੁੰਦੀ। ਯਥਾ: In the above Gurbani lines, the word **'ਜਿਨਿ'** means Creator (Almighty), whenever it appears with a different meaning (e.g. who, whoever. etc.) the consonant **'ਨ'** comes empty without sihari as follows; "ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ ਤਿਨ ਧੁਰਿ ਭਾਗ ਪੁਰਾਨਾ॥ ਤਿਨ ਹਮ ਚਰਣ ਸਰੇਵਹ ਖਿਨੁ ਖਿਨੁ ਜਿਨ ਹਰਿ ਮੀਠ ਲਗਾਨਾ॥" (ਜੈਤਸਰੀ ਮ: ੪)
ਤਿਨਿ	–	"ਜਿਸਕਾ ਸਾ ਤਿਨਿ ਲੀਆ ਮਿਲਾਇ॥" (ਸੁਖਮਨੀ) ਜਿਥੇ 'ਤਿਨਿ' ਕਰਤਾ ਨਹੀ ਹੁੰਦਾ ਉਥੇ ਇਹਦੇ ਨੰਨੇ ਨਾਲ ਸਿਹਾਰੀ ਨਹੀ ਹੁੰਦੀ। In the above Gurbani lines, the word **'ਤਿਨਿ'** means Creator (Almighty), whenever it appears with a different meaning (e.g. he, she, etc.) the consonant **'ਨ'** comes empty without sihari as follows; "ਕਈ ਕੋਟਿ ਪਾਰਬ੍ਰਹਮ ਕੇ ਦਾਸ॥ ਤਿਨ ਹੋਵਤ ਆਤਮ ਪਰਗਾਸ॥"(ਸੁਖਮਨੀ) "ਪੜਹਿ ਗੁਣਹਿ ਤਿਨ ਚਾਰ ਵੀਚਾਰ॥" (ਆਸਾ ਦੀ ਵਾਰ) ਅਰਥਾਤ ਜੋ ਉਨ੍ਹਾਂ (ਵੇਦਾਂ) ਨੂੰ ਪੜਦੇ-ਗੁਣਦੇ ਹਨ, ਤਿਨ੍ਹਾਂ ਲੋਕਾਂ ਨੂੰ ਕਰਮਾ ਦੀ ਵਿਚਾਰ ਪ੍ਰਾਪਤ ਹੁੰਦੀ ਹੈ, ਕਿ ਅਮਕਾ ਕਰਮ ਸ਼ੁਭ ਹੈ ਤੇ ਅਮਕਾ ਅਸ਼ੁਭ। Meaning: Those who reads and contemplates of scriptures possess the knowledge of good and evil deeds. ਜਿਸ 'ਤਿਨਿ' ਦੇ ਅਰਥ 'ਤ੍ਰੈ' ਹਨ, ਉਹਦੇ ਨੰਨੇ ਨਾਲ ਸਦਾ ਸਿਹਾਰੀ ਹੁੰਦੀ ਹੈ: Whenever, the word **'ਤਿਨਿ'** appears to denote number three (3), the consonant **'ਨ'** comes with sihari as well. "ਤਿਨਿ ਚੇਲੇ ਪਰਵਾਣੁ॥" (ਜਪੁ ਜੀ) "ਥਾਲ ਵਿਚਿ ਤਿੰਨਿ ਵਸਤੂ ਪਈਓ॥" (ਮੁੰਦਾਵਣੀ ਮ:੫)

ਆਪਿ	–	"ਜਿਨ ਕਉ ਆਪਿ ਦੇਇ ਵਡਿਆਈ, ਜਗਤੁ ਭੀ ਆਪੇ ਆਣਿ ਤਿਨ੍ ਕਉ ਪੈਰੀ ਪਾਇ॥" (ਮ: ੪ ਵਾਰ ਗਉੜੀ) "ਆਪਿ ਲੀਏ ਲੜਿ ਲਾਇ॥" (ਆਸਾ ਫਰੀਦ) ਇਨ੍ਹਾਂ ਮਿਸਾਲਾਂ ਵਿਚ 'ਆਪਿ' ਕਰਤਾ ਹੈ। ਜਿਥੇ ਇਹ ਕਰਤਾ ਨਹੀ ਹੁੰਦਾ, ਉਥੇ ਇਹਦੇ ਅੰਤ ਵਿਚ ਸਿਹਾਰੀ ਨਹੀ ਹੁੰਦੀ। Whenever the word 'ਆਪਿ' appears as Creator (Almighty) the consonant 'ਪ' comes with sihari. "ਆਪਿ ਜਪਹੁ ਅਵਰਾ ਨਾਮੁ ਜਪਾਵਹੁ॥" (ਸੁਖਮਨੀ) ਉਪਰਲੀ ਪੰਗਤੀ ਵਿਚ 'ਆਪਿ' ਸ਼ਬਦ ਜਿਵ ਨੂੰ ਦਰਸਉਂਦਾ ਹੈ, ਸਿਹਾਰੀ ਜੋ 'ਪ' ਅਖਰ ਨਾਲ ਲਗੀ ਹੈ ਜਿਵ ਈਸ਼ਵਰ ਦੇ ਅਭੇਦਤਾ ਦਰਸਉਂਦੀ ਹੈ। The word 'ਆਪਿ' in the above Shabad means the being although the consonant 'ਪ' comes with sihari (which was read earlier to be Almighty). This sihari is denoting the ultimate fact that being and creator is the same therefore the use of sihari delivers the message precisely. "ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ॥" (ਆਸਾ ਦੀ ਵਾਰ) ਅਰਥਾਤ, ਮਨੁੱਖ ਨੂੰ ਜਿਸ ਹਾਲਤ ਜਾਂ ਪਦਵੀ ਵਿਚ ਤੈਨੇ ਆਪਣਾ ਆਪ ਦਸਿਆ ਹੈ, ਉਸੇ ਹਾਲਤ ਵਿਚ ਉਸ ਨੇ ਗੁਰੂ ਦੀ ਕਿਰਪਾ ਨਾਲ ਤੈਨੂੰ ਜਾਣ ਲਿਆ ਹੈ। "ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪ ਰਖਿਆ॥" (ਰਾਮਕਲੀ ਸੱਦ) ਸਾਰੇ ਪੈਰੀ ਪਏ ਸਤਿਗੁਰੂ (ਰਾਮਦਾਸ ਜੀ) ਦੇ, ਜਿਨ੍ਹਾਂ ਵਿਚ ਗੁਰੂ (ਅਮਰਦਾਸ ਜੀ) ਨੇ ਆਪਣਾ ਆਪ ਰੱਖਿਆ। "ਸਤਿਗੁਰਿ ਮਿਲਿਐ ਸਚੁ ਪਾਇਆ, ਜਿਨੀ ਵਿਚਹੁ ਆਪੁ ਗਵਾਇਆ॥" (ਆਸਾ ਦੀ ਵਾਰ)

ਮਨੁੱਖ ਨੇ ਉਸ ਸਤਿਗੁਰੂ ਦੇ ਮਿਲਣ ਤੋਂ ਸੱਚ ਪਾਇਆ, ਜਿਸ ਨੇ ਉਹਦੇ ਵਿਚੋਂ ਹਉਮੈ ਕੱਢੀ।

"ਨਾਨਕ ਵਡਾ ਆਖੀਐ, ਆਪੇ ਜਾਣੈ ਆਪੁ॥" (ਜਪੁ ਜੀ)
ਨਾਨਕ, ਉਹ ਆਪਣੇ ਆਪ ਨੂੰ ਆਪੇ ਜਾਣਦਾ ਹੈ, ਸਾਨੂੰ ਤਾਂ ਚਾਹੀਦਾ ਹੈ ਕਿ ਵੱਡਾ ਹੀ ਆਖੀਏ।

"ਜਬ ਆਪਨ ਆਪੁ ਆਪਿ ਉਰਿ ਧਾਰੈ॥" (ਸੁਖਮਨੀ)
ਇਸ ਤੁਕ ਵਿਚ 'ਆਪਿ' ਕਰਤਾ ਹੈ ਤੇ 'ਆਪੁ' ਕਰਮ ਹੈ।
The word '**ਆਪਿ**' means Creator (Almighty) and '**ਆਪੁ**' means Himself therefore the meaning of the line is 'When He (**ਆਪਿ**) Himself (**ਆਪੁ**) dwells within His Own (**ਆਪਨ**) heart'.

"ਆਪੀਨ੍ਹੈ ਆਪੁ ਸਾਜਿਓ, ਆਪੀਨ੍ਹੈ ਰਚਿਓ ਨਾਉ॥" (ਆਸਾ ਦੀ ਵਾਰ)
ਇਸ ਤੁਕ ਦੇ ਅਮ ਤੌਰ ਅਰਥ ਠੀਕ ਨਹੀ ਕੀਤੇ ਜਾਂਦੇ। ਲੋਕ ਇਹ ਅਰਥ ਕਰਦੇ ਹਨ ਕਿ ਵਾਹਿਗੁਰੂ ਨੇ ਸ੍ਰਿਸਟੀ ਆਪਣੇ ਆਪ ਰਚੀ ਅਤੇ ਆਪੇ ਹੀ ਜੀਵਾਂ ਦੇ ਨਾਉਂ ਰਚੇ। ਇਸ ਤੋਂ ਉਪਰੰਤ ਹੋਰ ਕਿਹੜੀ ਚੀਜ ਬਣਾਨ ਗੋਚਰੇ ਰਹਿ ਗਈ ਸੀ, ਜਿਹਦੇ ਲਈ,
The above Asa Dhi Vaar Shabad is usually misinterpreted as 'Almighty created the entire world Himself and He Himself created the names for being'.

"ਦੁਜੀ ਕੁਦਰਤਿ ਸਾਜੀਐ" ਕਹਿਣਾ ਪਿਆ? ਇਹ ਅਰਥ ਠੀਕ ਨਹੀ। ਇਥੇ 'ਆਪੁ' ਕਰਮ ਹੈ, ਜਿਸ ਦੇ ਅਰਥ ਹਨ 'ਆਪਣੇ ਆਪ ਨੂੰ'। ਭਾਈ ਗੁਰਦਾਸ ਜੀ ਭੀ ਕਹਿੰਦੇ ਹਨ:
The word .. refers to a deed which means 'He to Himself'. Bhai Gurdas Ji writes as follows;
'ਆਪੇ ਆਪੁ ਉਪਾਇ ਕੈ ਆਪੇ ਆਪਣਾ ਨਾਉ ਧਰਾਇਆ। (ਵਾਰ ੧੯੭)

ਵਾਹਿਗੁਰੂ ਨੂੰ ਦੋਹਾਂ ਰੂਪਾਂ ਵਿਚ ਕਥਨ ਕੀਤਾ ਗਿਆ ਹੈ, ਇਕ ਤਾਂ ਆਪਣੇ ਸੰਬੰਧ

ਵਿਚ ਆਪ, ਜਿਸ ਨੂੰ ਨਿਰਗੁਣ ਭੀ ਕਿਹਾ ਗਿਆ ਹੈ, ਅਤੇ ਦੂਜਾ ਸ੍ਰਿਸਟੀ ਦੇ ਸੰਬੰਧ ਵਿਚ, ਜਿਸ ਨੂੰ ਸਰਗੁਣ ਜਾਂ 'ਨਾਮ ਰੂਪ' ਕਰਕੇ ਸੱਦਿਆ ਗਿਆ ਹੈ। ਜਦ ਸ੍ਰਿਸਟੀ ਨਹੀ ਸੀ ਬਣੀ ਤਾਂ ਵਾਹਿਗੁਰੂ ਨਿਰਗੁਣ ਰੂਪ ਵਿਚ ਸੀ, ਅਤੇ ਜਦ ਉਸ ਨੇ ਰਚਨਾ ਕਰ ਕੇ ਆਪਣਾ ਪ੍ਰਕਾਸ਼ ਕੀਤਾ ਤਾਂ ਸਰਗੁਣ ਰੂਪ ਹੋ ਕੇ ਵਰਤਣ ਲੱਗਾ। ਇਨ੍ਹਾਂ ਦੋਹਾਂ ਰੂਪਾਂ ਦਾ ਵਿਸਥਾਰ ਸੁਖਮਨੀ ਸਾਹਿਬ ਦੀ ਇਕੀਹਵੀਂ ਅਸਟਪਦੀ ਵਿਚ ਖੁੱਲੇ ਤੌਰ ਤੇ ਕੀਤਾ ਹੋਇਆ ਹੈ। ਬਾਵਨ ਅੱਖਰੀ ਦੀ ਪਹਿਲੀ ਪਉੜੀ ਵਿਚ ਭੀ ਹੈ। ਗੁਰੂ ਜੀ ਉਪਰਲੀ ਤੁਕ ਵਿਚ ਦਸਦੇ ਹਨ ਕਿ ਵਾਹਿਗੁਰੂ ਨਿਰਗੁਣ ਅਤੇ ਸਰਗੁਣ ਦੋਹਾਂ ਰੂਪਾਂ ਆਪਣੇ ਆਪ ਤੋਂ ਹੈ। ਕਿਸੇ ਹੋਰ ਨੇ ਨਹੀ ਬਣਾਇਆ। ਇਹੋ ਭਾਵ ਕਈ ਹੋਰ ਵਾਰਾਂ ਦੇ ਅਰੰਭ ਵਿਚ ਦਿੱਤਾ ਹੋਇਆ ਹੈ। ਯਥਾ:

Meaning: Almighty is described in His two forms; one which is formless (Nirgun) and the second one is related to creation which is in form (Sargun). When the creation was created, Almighty was in His formless form and during the manifestation of the creation He Himself created and immerse into the entire creation which is elobrated in detail in Pauri 21 of Sri Sukhmani Sahib and the first pauri of Bavan Akhri. Therefore, **"ਆਪੀਨੈ੍ ਆਪੁ ਸਾਜਿਓ, ਆਪੀਨੈ੍ ਰਚਿਓ ਨਾਉ॥"** means that Almighty He Himself who prevail in both forms (Nirgun & Sargun) no other has created Him. The similar concept is repeated in the following lines in Gurbani;

**"ਆਪਣਾ ਆਪੁ ਉਪਾਇਓਨੁ, ਤਦਹੁ ਹੋਰੁ ਨ ਕੋਈ ॥
ਮਤਾ ਮਸੂਰਤਿ ਆਪਿ ਕਰੇ, ਜੋ ਕਰੇ ਸੁ ਹੋਈ॥
ਤਦਹੁ ਆਕਾਸੁ ਨ ਪਤਾਲੁ ਹੈ ਨਾ ਤ੍ਰੈ ਲੋਈ॥
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ॥"**

(ਗੂਜਰੀ ਕੀ ਵਾਰ ਮ: ੩)

ਇਥੇ ਭੀ ਮਿ: ਮੈਕਾਲਿਫ ਅਤੇ ਕਈ ਹੋਰਨਾਂ ਨੇ "ਆਪਣਾ ਆਪੁ ਉਪਾਇਓਨੁ" ਦੇ ਅਰਥ ਭੁਲਕੇ ਇਹ ਕੀਤੇ ਹਨ ਕਿ ਵਾਹਿਗੁਰੂ ਨੇ ਆਪਣੇ ਆਪ ਰਚਨਾ ਰਚੀ। ਪਰ ਇਹ ਨਹੀ ਵੇਖਿਆ ਕੀ ਤਲਵੀਆਂ ਤੁਕਾਂ ਵਿਚ ਇਹਦੇ ਉਲਟ ਦੱਸਿਆ ਹੈ ਕਿ ਉਸ ਵੇਲੇ ਨਾ ਅਕਾਸ਼ ਸੀ, ਨਾ ਪਤਾਲ ਸੀ। ਬਲਕਿ ਉਤਪਤੀ ਹੀ ਨਹੀ ਸੀ। ਫਿਰ ਪਤਾ ਨਹੀ 'ਆਪਣਾ ਆਪ' ਦੇ ਅਰਥ 'ਆਪਣੇ ਆਪਿ' ਕਿਸ ਤਰਾਂ ਕਰ ਦਿੰਦੇ

		ਹਨ! ਇਥੇ ਅਰਥ ਸਾਫ ਹੈ ਕਿ ਵਾਹਿਗੁਰੂ ਨੇ ਆਪਣੇ ਆਪ ਨੂੰ ਪੈਦਾ ਕੀਤਾ।
ਖੁਦਿ	–	"ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ॥" (ਤਿਲੰਗ ਮ: ੫)

19.0 ਸਿਹਾਰੀ ਨੂੰ ਦੀਰਘ ਮਾਤ੍ਰ ਵਾਸਤੇ (Sihari for Greater Matr)

ਕਈ ਵੇਰ ਜਦ ਕਵਿਤਾ ਦੀ ਲੋੜ ਅਨੁਸਾਰ ਲੰਮੀ ਆਵਾਜ਼ ਨੂੰ ਛੋਟੀ ਕਰਨਾ ਪੈਂਦਾ ਹੈ ਤਾਂ ਸਿਹਾਰੀ ਹੋਰਨਾਂ ਲਗਾਂ ਮਾਤ੍ਰਾਂ ਦੀ ਥਾਂ ਭੀ ਵਰਤੀ ਜਾਂਦੀ ਹੈ।

Sometimes sihari is used in replacement of great matr (bihari, laav, etc.) to match the count of matras in accordance to peotry rules.

ਬਿਹਾਰੀ ਦੀ ਥਾਂ:	–	ਚਾਲਸਿ=ਚਾਲਸੀ, ਉਤਰਸਿ=ਉਤਰਸੀ, ਤੁਟਸਿ=ਤੁਟਸੀ, ਪਕਰਸਿ=ਪਕੜਸੀ, ਹੋਵਗਿ=ਹੋਵੇਗੀ, ਵਜਗਿ=ਵੱਜੇਗੀ, ਆਵਗਿ=ਆਵੇਗੀ, ਬਾਣਿ=ਬਾਣੀ, ਸਭਿ=ਸਭੀ, ਹਸਤਿ=ਹਸਤੀ, ਲੇਖਣਿ=ਲੇਖਣੀ, ਮੇਦਨਿ=ਮੇਦਨੀ, ਬਲਿ=ਬਲੀ,ਭਿ=ਭੀ, ਜਨਨਿ=ਜਨਨੀ,ਰੋਮਾਵਲਿ=ਰੋਮਾਵਲੀ, ਮਣਿ=ਮਣੀ,ਦੁਬਲਿ=ਦੁਬਲੀ।
ਚੇਰਿ=ਚੇਰੀ:	–	"ਅਨਿਕ ਮਾਇਆ ਹੈ ਤਾ ਕੀ ਚੇਰਿ॥" (ਰਾਮਕਲੀ ਮ: ੫)
ਪੰਖਿ=ਪੰਖੀ:	–	"ਜੈਸੇ ਤਰਵਰ ਪੰਖਿ ਬਸੇਰਾ॥" (ਸੋਰਠਿ ਰਵਿਦਾਸ)
ਦਰਬਾਰਿ=ਦਰਬਾਰੀ:	–	"ਮੇਟੀ ਜਾਤਿ, ਹੂਏ ਦਰਬਾਰਿ॥" (ਗੋਂਡ ਰਵਿਦਾਸ)
ਸੁਆਮਿ=ਸੁਆਮੀ:	–	"ਮਾਤ ਪਿਤਾ ਸੁਆਮਿ ਸਜਣੁ ਸਭੁ ਜਗਤੁ ਬਾਲ ਗੁਪਾਲਾ॥" (ਵਡਹੰਸੁ ਮ: ੫)
ਗੋਦਾਵਰਿ=ਗੋਦਾਵਰੀ	–	"ਗੰਗਾ ਜਉ ਗੋਦਾਵਰਿ ਜਾਈਐ॥" (ਰਾਮਕਲੀ ਨਾਮਦੇਵ)

ਬਾਵਲਿ=ਬਾਵਲੀ	–	"ਬਾਵਲਿ ਹੋਈ ਸੋ ਸਹੁ ਲੋਰਉ॥" (ਸੂਹੀ ਫਰੀਦ)
ਦਾਸਿ=ਦਾਸੀਂ=ਦਾਸਾਂ ਨੇ	–	"ਹਰਿ ਸੁਖ ਨਿਧਾਨ ਨਾਨਕ ਦਾਸਿ ਪਾਇਆ॥" (ਧਨਾਸਰੀ ਮ: ੫)
ਸੁਰਿ, ਮੁਨਿ = ਸੁਰੀ, ਮੁਨੀ	–	"ਆਖਹਿ ਸੁਰਿ ਨਰ ਮੁਨਿ ਜਨ ਸੇਵ॥" (ਜਪੁ ਜੀ) ਅਰਥਾਤ, ਸੁਰਿ ਨਰ ਅਤੇ ਮੁਨੀ ਜਨ। ਇਥੇ 'ਸੁਰਿ' ਅਤੇ 'ਮੁਨਿ' ਵਿਸ਼ੇਸ਼ਣ ਹਨ ਨਰ ਅਤੇ ਜਨ ਦੇ। "ਸੁਣਿਐ ਸਿਧ ਪੀਰ ਸੁਰਿ ਨਾਥ॥" (ਜਪੁ ਜੀ) 'ਸੁਰਿ' ਦਾ ਅਰਥ ਦੇਵਤਾ ਹੈ।
ਲਾਂ ਦੀ ਥਾਂ:	–	"ਨੇਰਿ=ਨੇੜੇ: "ਕੋਟਿ ਬਿਘਨ ਨਹੀ ਆਵਹਿ ਨੇਰਿ॥"(ਰਾਮਕਲੀ ਮ: ੫)
ਚਾਰਿ=ਚਾਰੇ:	–	"ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜਹਿ ਜੁਗ ਚਾਰਿ॥" (ਮ: ੩, ਵਾਰ ਸੋਰਠਿ) "ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ॥" (ਆਸਾ ਮ: ੩) "ਚਚੈ ਚਾਰੇ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰ ਜੁਗਾ॥" (ਆਸਾ ਮ: ੧) ਜਿਥੇ 'ਚਾਰ' ਉੱਤੇ ਜ਼ੋਰ ਨਹੀ ਹੁੰਦਾ , ਉਥੇ ਲਾਂ ਜਾਂ ਸਿਹਾਰੀ ਨਹੀ ਆਉਂਦੀ: "ਚਾਰ ਪਦਾਰਥ ਜੇ ਕੋ ਮਾਗੈ॥" (ਸੁਖਮਨੀ)
ਤਲਿ=ਤਲੇ:	–	"ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ॥" (ਮ: ੩, ਵਾਰ ਵਡਹੰਸ)
ਕਿੰਨਿ=ਕਿੰਨੇ:	–	"ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥" (ਆਸਾ)
ਛੋਟੇ ਯਯੇ ਦੀ ਥਾਂ:	–	ਸਾਸਤ੍ਰਗਿ=ਸਾਸਤ੍ਰਗਯ, ਧੰਨਿ=ਧੰਨਯ, ਸਤਿ=ਸਤਯ।

20.0 ਬਿਹਾਰੀ (Bihari)

20.1 ਬਹੁਬਚਨ (Plural)

ਬਿਹਾਰੀ ਬਹੁਵਚਨ ਨਾਵਾਂ ਦੇ ਅੰਤ ਵਿਚ ਸੰਬੰਧਕੀ ਅਰਥ ਦਿੰਦੀ ਹੈ।

The Bihari on the last consonant is usually used for plural words as preposition.

ਸਿਖੀ=ਸਿੱਖਾਂ ਨੇ	–	"ਸਿਖੀ ਸਿਖਿਆ ਗੁਰ ਵੀਚਾਰਿ॥" (ਆਸਾ ਦੀ ਵਾਰ)
ਪੁਤ੍ਰੀ=ਪੁਤ੍ਰਾਂ ਨੇ	–	"ਪੁਤ੍ਰੀ ਕਉਲੁ ਨ ਪਾਲਿਓ॥" (ਵਾਰ ਸੱਤਾ)
ਅਖੀ=ਅੱਖਾਂ ਨੂੰ	–	"ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪ॥"
ਕੰਨੀ=ਕੰਨਾਂ ਨੂੰ	–	"ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥"(ਆਸਾ ਦੀ ਵਾਰ)
ਉਪਾਵੀ=ਉਪਾਵਾਂ ਨਾਲ	–	"ਅਨਿਕ ਉਪਾਵੀ ਰੋਗੁ ਨ ਜਾਇ॥" (ਸੁਖਮਨੀ)
ਨੇਤ੍ਰੀ=ਨੇਤ੍ਰਾਂ ਨਾਲ	–	"ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ॥" (ਆਸਾ ਦੀ ਵਾਰ)
ਅਖਰੀ=ਅਖੱਰਾਂ ਨਾਲ	–	"ਅਖਰੀ ਲਿਖਣੁ ਬੋਲਣੁ ਬਾਣਿ॥" (ਜਪੁ ਜੀ)
ਥਣੀ=ਥਣਾਂ ਕਰਕੇ	–	"ਸਮੁਝਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥" (ਮਹਲਾ ੧, ਸਲੋਕ ਵਾਰਾਂ ਤੇ ਵਧੀਕ)
ਅਵਤਾਰੀ=ਅਵਤਾਰਾਂ ਵਿਚ	–	"ਕਿਸਨੁ ਸਦਾ ਅਵਤਾਰੀ ਰੂਧਾ...॥" (ਵਡਹੰਸੁ ਮ: ੩)

20.2 ਕਿਰਿਆ ਵਾਚਕ (Deed)

ਉਸ ਕਿਰਿਆ ਦੇ ਅੰਤ ਵਿਚ ਜਿਸ ਦੇ ਅਰਥ ਹੋਣ, ਮੈਂ ਕਰਾਂ ਜਾਂ ਕਰਦਾ ਹਾਂ, ਆਦਿਕ–

Bihari is also used in verbs.

ਸੋਚੀ=ਮੈਂ ਸੋਚਾਂ	**–**	**"ਜੇ ਸੋਚੀ ਲਖ ਵਾਰ॥" (ਜਪੁ ਜੀ)**
ਕਰੀ=ਮੈਂ ਕਰਾਂ	**–**	**"ਕੰਚਨ ਕੇ ਕੋਟ ਦਤੁ ਕਰੀ॥" (ਸ੍ਰੀ ਰਾਗੁ ਮ: ੧)**
ਠਗੀ=ਮੈਂ ਠੱਗਦਾ ਹਾਂ	**–**	**"ਹਉ ਠਗਵਾੜਾ ਠਗੀ ਦੇਸੁ॥" (ਸ੍ਰੀ ਰਾਗ ਮ: ੧)** **ਡਾ. ਟ੍ਰੰਪ ਨੇ ਇਸ ਤੁਕ ਦੇ ਅਰਥ ਕੀਤੇ ਹਨ ਕਿ ਮੈ ਠੱਗਾਂ ਦੇ ਦੇਸ਼ ਵਿਚ ਇਕ ਠੱਗ ਹਾਂ। ਮੈਕਾਲਿਫ ਨੇ ਭੀ ਇਸ ਅਰਥ ਨੂੰ ਪਰਵਾਨ ਕੀਤਾ ਹੈ।**
ਤੋਲੀ=ਮੈਂ ਤੋਲਾਂ	**–**	**"ਘਟ ਹੀ ਭੀਤਰਿ ਸੋ ਸਹੁ ਤੋਲੀ...॥" (ਸੂਹੀ ਮ: ੧)**

20.3 ਸਿਹਾਰੀ ਦੀ ਥਾਂ (In Replacement of Sihari)

ਕਦੀ ਕਦੀ ਉਸ ਸਿਹਾਰੀ ਦੇ ਅਰਥ ਦਿੰਦੀ ਹੈ:–

Sometimes bihari reflect the meaning of sihari;

ਲਹਨੀ=ਲਹਨਿ ਲੈਂਦੇ	**–**	**"ਨਾਨਕ ਕਰਮਾਂ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ॥" (ਆਸਾ ਦੀ ਵਾਰ)**
ਜਾਣਨੀ=ਜਾਣਨਿ,ਜਾਣਦੇ	**–**	**"ਮੂਰਖ ਸਚੁ ਨ ਜਾਣਨੀ॥" (ਆਸਾ ਦੀ ਵਾਰ)**
ਚੇਤਨੀ=ਚੇਤਨਿ,ਚੇਤਦੇ	**–**	**"ਨਾਨਕ ਨਾਮੁ ਨ ਚੇਤਨੀ ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ॥" (ਮ: ੩, ਵਾਰ ਸੋਰਠਿ)**
ਚਲਨੀ=ਚਲਨਿ,ਚਲਦੇ	**–**	**"ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥"(ਸਲੋਕ ਫਰੀਦ)**

(ਅ)ਸੰਬੰਧਕੀ ਅਰਥਾਂ ਵਿਚ:-ਨਦਰੀ=ਨਦਰ ਨਾਲ	–	"ਨਦਰੀ ਮੋਖ ਦੁਆਰੁ॥" (ਜਪੁ ਜੀ)
ਵਿਜੋਗੀ=ਵਿਜੋਗ ਨਾਲ	–	"ਵਿਜੋਗੀ ਮਿਲਿ ਵਿਛੁੜੇ, ਨਾਨਕ ਭੀ ਸੰਜੋਗ॥" (ਮਾਰੂ ਮ: ੧)
ਬੇਬਾਣੀ=ਬੇਬਾਣ ਵਿਚ ਮਸਾਣੀ=ਮਸਾਣ ਵਿਚ	–	"ਰਹੈ ਬੇਬਾਣੀ ਮੜੀ ਮਸਾਣੀ॥" (ਆਸਾ ਦੀ ਵਾਰ) ਗੁਰ ਪਰਸਾਦੀ=ਗੁਰੂ ਦੇ ਪਰਸਾਦਿ ਨਾਲ: "ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ...॥" (ਅਨੰਦੁ)

21.0 ਔਂਕੜ (Aungkar)

ਔਂਕੜ ਇਕ-ਵਚਨ (Singular) ਹੋਣ ਦੀ ਨਿਸ਼ਾਨੀ ਹੈ। ਪੁਲਿੰਗ ਨਾਂਵ ਜਦ ਇਕ-ਵਚਨ ਹੋਵੇ ਤਾਂ ਉਸ ਦੇ ਅੰਤਲੇ ਅੱਖਰ ਤਲੇ ਔਂਕੜ ਹੁੰਦਾ ਹੈ।ਇਸ ਨਾਂਵ ਦਾ ਜੋ ਵਿਸ਼ੇਸ਼ਣ ਹੋਵੇ, ਉਸ ਦੇ ਅੰਤ ਵਿਚ ਭੀ ਔਂਕੜ ਹੁੰਦਾ ਹੈ ਜਿਵੇਂ:-

Aungkar is used to define a singular word. When plural noun is a singular then the last consonant comes with an aungkar.the adjective of this noun also comes with an aungkar on the last consonant.

ਇਹੁ ਸਰੀਰੁ: "ਇਹੁ ਸਰੀਰੁ ਕਰਿ ਡੰਡੀ ॥" (ਰਾਮਕਲੀ ਮ: ੩)
ਕਮਲ ਨਿਰਾਲਮੁ: "ਜੈਸੇ ਜਲ ਮਹਿ ਕਮਲੁ ਨਿਰਾਲਮੁ ॥" (ਸਿਧ ਗੋਸਟਿ)
ਅਮੁਲੁ ਧਰਮੁ: "ਅਮੁਲੁ ਧਰਮੁ ਅਮੁਲੁ ਦੀਬਾਣੁ ॥" (ਜਪੁ)

22.0 ਭੂਤ ਕਾਲ ਕਿਰਿਆ (Past Tense)

ਸਾਧਾਰਣ ਭੂਤ ਕਾਲ ਕਿਰਿਆ (Past Tense) ਜਿਹਦੇ ਅੰਤ ਵਿਚ ਨੰਨਾਂ ਹੋਵੇ ਅਤੇ ਜਿਹਦਾ ਕਰਤਾ ਇਕ-ਵਚਨ ਅਨਜ ਪੁਰਖ ਹੋਵੇ ਉਹਦੇ ਨੰਨੇ ਤਲੇ ਔਂਕੜ ਜਰੂਰ ਹੁੰਦਾ ਹੈ।

A normal past tense which appears with 'ਨ' and the composer is singular third person, the last consonant 'ਨ' comes with an aungkar.

ਬਖਸਿਅਨਿ, ਉਤਾਰਿਅਨੁ=ਉਸ ਨੇ ਬਖਸ਼ੇ,ਉਸ ਨੇ ਉਤਾਰੇ:
"ਕਉਣ ਕਉਣ ਅਪਰਾਧੀ ਬਖਸਿਅਨੁ, ਪਿਆਰੇ ਸਾਚੈ ਸਬਦਿ ਵਿਚਾਰਿ॥
ਭਉਜਲੁ ਪਾਰਿ ਉਤਾਰਿਅਨੁ, ਭਾਈ, ਸਤਿਗੁਰ ਬੇੜੈ ਚਾੜਿ॥" (ਸੋਰਠਿ ਮਹਲਾ ੩)

ਰਖਿਅਨੁ=ਉਸ ਨੇ ਰੱਖੇ	–	"ਜੋ ਧੁਰਿ ਰਖਿਅਨੁ ਮੇਲਿ ਮਿਲਾਇ॥" (ਧਨਾਸਰੀ ਮ: ੩)
ਰਿੜਕਿਓਨੁ=ਉਸ ਨੇ ਰਿੜਕਿਆ	–	"ਮਾਧਾਣਾ ਪਰਬਤੁ ਕਰਿ, ਨੇਤ੍ਰਿ ਬਾਸਕੁ, ਸਬਦਿ ਰਿੜਕਿਓਨੁ॥" (ਵਾਰ ਸੱਤਾ ਬਲਵੰਡ)
ਲਇਅਨੁ, ਲਾਇਓਨੁ	–	"ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ॥" (ਸਿਰੀ ਰਾਗੁ ਮ: ੩)
ਨਿਕਾਲਿਅਨੁ=ਉਸ ਨੇ ਨਿਕਾਲੇ	–	"ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ॥" (ਵਾਰ ਸੱਤਾ ਬਲਵੰਡ) "ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ॥ ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ॥" (ਵਡਹੰਸ ਮ: ੩) ਇਥੇ 'ਪਰਖੀਅਨਿ' ਦੇ ਅਰਥ 'ਪਰਖੇ ਜਾਂਦੇ ਹਨ' ਹੈ। ਜੇ ਇਸ ਦੇ ਅਰਥ 'ਉਸ ਨੇ ਪਰਖੇ' ਹੁੰਦੇ, ਤਾਂ ਇਹ ਸ਼ਬਦ 'ਪਰਖਿਅਨੁ' ਹੁੰਦਾ, ਅਰਥਾਤ, ਇਹਦੇ ਖੱਖੇ ਨਾਲ ਸਿਹਾਰੀ ਅਤੇ ਨੰਨੇ ਨਾਲ ਔਂਕੜ ਹੁੰਦਾ।

23.0 ਅਨੁਮਤਯਾਰਥ ਲਕਾਰ (Imperative Mood)

ਕਈ ਵੇਰ ਪ੍ਰਤੱਖ ਅਨੁਮਤਯਾਰਥ ਲਕਾਰ (Imperative Mood) **ਵਾਲੇ ਕਿਰਿਆ ਸ਼ਬਦ ਦੇ ਅੰਤ ਵਿਚ ਔਂਕੜ ਆਉਂਦਾ ਹੈ। ਜਿਵੇਂ:-**

Sometimes the obvious imperative mood verbs ends with an aungkar on the last consonant, as follows;

ਦੇਹੁ	–	"ਆਵਹੁ ਮਿਲਹੁ ਸਹੇਲੀਓ ਮੈ ਪਿਰੁ ਦੇਹੁ ਮਿਲਾਇ॥" (ਸਿਰੀ ਰਾਗੁ ਮ: ੩)
ਚਲੁ	–	"ਮੁੰਧੇ ਤੂ ਚਲੁ ਗੁਰ ਕੈ ਭਾਇ॥" (ਸਿਰੀ ਰਾਗੁ ਮ: ੩)
ਪਰੁ	–	"ਤਿਸ ਕੀ ਸਰਨੀ ਪਰੁ ਮਨਾ॥" (ਸਿਰੀ ਰਾਗੁ ਮ: ੫)

24.0 ਮੂਲਿਕ ਔਂਕੜ (Original Auangkar)

ਕਈ ਅਜਿਹੇ ਸ਼ਬਦ ਹਨ ਜਿਨ੍ਹਾਂ ਦੇ ਅੰਤ ਵਿਚ ਔਂਕੜ ਮੂਲਿਕ ਅੰਗ ਹੋਣ ਕਰਕੇ ਆਉਦਾ ਹੈ।

There some words which ends with an aungkar as the original syllable reflecting the word.

ਕਿਤੁ, ਸਭਤੁ, ਬਿਨੁ, ਬਹੁਤੁ, ਇਕਤੁ, ਬਿੰਦੁ, ਆਦਿਕ।

ਕਈ ਇਸਤ੍ਰੀ ਲਿੰਗ ਨਾਂਵ ਹਨ, ਜਿਨ੍ਹਾਂ ਦੇ ਅੰਤ ਮੂਲਿਕ ਔਂਕੜ ਹੁੰਦਾ ਹੈ ਜੋ ਕਿਸੇ ਹਾਲਤ ਵਿਚ ਲਹਿੰਦਾ ਹੀ ਨਹੀ ਜਿਵੇਂ:–

There are also some faminine noun words which comes along with the original aungkar, as follows;

ਧਾਤੁ	–	"ਧਾਤੁ ਮਿਲੈ ਫੁਨਿ ਧਾਤੁ ਕਉ...॥" (ਸਿਰੀ ਰਾਗੁ ਮ: ੧)
ਬਿਖੁ	–	"ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ॥" (ਸਿਰੀ ਰਾਗੁ ਮ: ੩)
ਰਤੁ	–	"ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ॥" (ਗਉੜੀ ਮ: ੪) ਇਸੇ ਤਰਾਂ ਮਲੁ, ਮਸੁ, ਵਸਤੁ, ਵਥੁ, ਰੇਣੁ, ਧੇਨੁ, ਕਲਤੁ ਆਦਿਕ ਇਸਤ੍ਰੀ–ਲਿੰਗ ਨਾਂਵ ਔਂਕੜ ਨਾਲ ਆਉਂਦੇ ਹਨ।

25.0 'ਹ' ਨੂੰ ਔਂਕੜ (Aungkar on 'ਹ')

25.1 ਨਾਂਵ (Noun) ਸ਼ਬਦ

	ਇਕੱਲਾ 'ਹ'	ਦੂਹਰਾ 'ਹ'
੧.	ਰਾਹੁ	ਰਾਹਹੁ
੨.	ਸਿਆਹੁ	ਸਿਆਹਹੁ
੩.	ਸਾਹੁ	ਸਾਹਹੁ

ਇਕੱਲਾ 'ਹ' ਥੱਲੇ ਅੰਕਤ ਔਂਕੜ ਕਰਤਾ (creator) ਕਾਰਕ (case) ਅਤੇ ਕਰਮ (subject) ਕਾਰਕ ਦਾ ਇਕ-ਵਚਨੀ (singular) ਕਾਰਕ-ਚਿੰਨ੍ਹ ਹੈ, ਜਿਸ ਦਾ ਉਚਾਰਣ ਨਾਸਕਤਾ (nasal sound) ਤੋਂ ਬਗੈਰ ਹੈ, ਜਦ ਕਿ ਦੂਹਰੇ 'ਹ' ਦੇ ਸ਼ਬਦ ਵਿਚ ਅੰਤਲਾ 'ਹੁ' ਅਪਾਦਾਨ ਕਾਰਕ (Ablative*) ਦਾ ਇਕ-ਵਚਨੀ (singular) ਕਾਰਕ-ਚਿੰਨ੍ਹ ਹੈ। [*(Ablative :- denoting a case of nouns, pronouns, and adjectives indicating the agent in passive sentences or the instrument, manner, or place of the action described by the verb)

25.2 ਕਿਰਿਆ (Verb) ਸ਼ਬਦ

	ਇਕੱਲਾ 'ਹ'	ਦੂਹਰਾ 'ਹ'
੧.	ਕਹੁ	ਕਹਹੁ
੨.	ਬਹੁ	ਬਹਹੁ
੩.	ਰਹੁ	ਰਹਹੁ
੪.	ਸਹੁ	ਸਹਹੁ

ਇਕੱਲਾ 'ਹ' ਥੱਲੇ ਅੰਕਤ ਔਂਕੜ ਹੈ ਜਿਸ ਦੁਆਰਾ ਧਾਤੂਆਂ ਤੋਂ ਹੁਕਮੀ ਭਵਿੱਖਤ ਕਾਲ (future tense), ਮੱਧਮ ਪੁਰਖ, ਇਕ-ਵਚਨ ਦੀਆਂ ਕਿਰਿਆਂ ਬਣੀਆਂ ਹਨ, ਜਦ ਕਿ ਦੂਹਰੇ 'ਹ' ਦੇ ਸ਼ਬਦ ਵਿਚ ਅੰਤਲਾ 'ਹੁ' ਜਿਸ ਦੁਆਰਾ ਧਾਤੂਆਂ ਤੋਂ ਹੁਕਮੀ ਭਵਿੱਖਤ ਕਾਲ, ਮੱਧਮ ਪੁਰਖ, ਬਹੁ-ਵਚਨ (plural) ਦੀਆਂ ਕਿਰਿਆਂ ਬਣੀਆਂ ਹਨ ।

26.0 ਦੁਲੈਂਕੜ (Dulangkar)

26.1 ਨਾਂਵ ਤੇ ਸੰਬੰਧਕੀ ਸ਼ਬਦ (Noun & Preposition)

ਕਿਸੇ ਨਾਂਵ ਨਾਲ ਜਦ ਉਸ ਦੇ ਪਿੱਛੇ ਸੰਬੰਧਕੀ ਪਦ ਵਰਤਿਆ ਜਾਣਾ ਹੋਵੇ, ਹੁਣ ਤੱਕ ਪੋਠੋਹਾਰ ਵਿਚ ਕਹਿੰਦੇ ਹਨ, ਖੰਡੂ ਨੇ ਖਿਡਾਵਣੇ, ਰੇਤੂ ਨੇ ਫੱਕੇ, ਮਾਊ ਕੀ ਆਖ।

When a noun is followed by preposition then dulangkar end the word.

ਵਸਤੂ	–	"ਵਸਤੂ ਅੰਦਰਿ ਵਸਤੁ ਸਮਾਵੈ॥" (ਆਸਾ ਦੀ ਵਾਰ)
ਜਿੰਦੂ	–	"ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥" (ਸਲੋਕ ਫਰੀਦ)
ਖਾਕੂ	–	"ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥" (ਸਲੋਕ ਫਰੀਦ) "ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ॥" (ਗੋਂਡ ਮ: ੫)
ਸਸੂ	–	"ਸਸੂ ਤੇ ਪਿਰਿ ਕੀਨੀ ਵਾਖਿ॥" (ਆਸਾ ਮ: ੫)
ਪੀਊ	–	"ਪੀਊ ਦਾਦੇ ਜੇਵਿਹਾ ਪੋਤਾ ਪਰਵਾਣੁ॥" (ਵਾਰ ਸੱਤਾ)

26.2 ਸੰਬੰਧਕੀ ਸ਼ਬਦ (Preposition Word)

ਸੰਬੰਧਕੀ ਅਰਥਾਂ ਵਿਚ:-

The use of dilangkar as preposition;

ਖੇਹੂ=ਖੇਹਿ=ਖੇਹ ਵਿਚ: "ਖੇਹੂ ਖੇਹ ਰਲਾਈਐ॥" (ਸਿਰੀਰਾਗੁ ਮ: ੧)

26.3 ਹੋੜੇ ਦੀ ਥਾਂ (In replacement to Hora)

ਕਈ ਵੇਰ ਦੁਲੈਂਕੜੇ ਹੋੜੇ ਦੀ ਥਾਂ ਵਰਤੇ ਗਏ ਹਨ। :-

Sometimes dulangkay is used in replacement of Hora

ਅਸਲੂ-ਅਸਲੋਂ, ਜਿਦੂ=ਜਿਦੋਂ: "ਜਿਦੂ ਕਿਛੁ ਗੁਝਾ ਨ ਹੋਇ॥"(ਵਾਰ ਗਉੜੀ ਮ: ੪)

ਤਿਦੂ	**-**	**"ਮਾਸ ਨ ਤਿਦੂ ਖਾਹਿ॥" (ਸਲੋਕ ਫਰੀਦ)**
ਕੂ=ਕੋ	**-**	**"ਫਰੀਦਾ ਮੈ ਜਾਨਿਆ ਦੁਖੁ ਮੁਝ ਕੂ...॥" (ਸਲੋਕ ਫਰੀਦ)**

27.0 ਲਾਂ (Laa'n)

ਸਿਹਾਰੀ ਦੀ ਥਾਂ ਕਈ ਵੇਰ ਲਾਂ ਵਰਤੀ ਗਈ ਹੈ:- ਸਿਹਾਰੀ ਦੀ ਥਾਂ ਕਈ ਵੇਰ ਲਾਂ ਵਰਤੀ ਗਈ ਹੈ:-

Sometimes Laa'n is used to replace sihari and vice-versa;

ਪੜੇ=ਪੜਿ	**-**	**"ਕਬਿਤ ਪੜੇ ਪੜਿ ਕਬਿਤਾ ਮੂਏ॥" (ਸੋਰਠਿ ਕਬੀਰ)**
ਮੁਹੇ=ਮੁਹਿ	**-**	**"ਮੁਹੇ ਮੁਹਿ ਚੋਟਾ ਖਾਇ॥" (ਸਿਰੀ ਰਾਗੁ ਮ: ੧)**
ਕੂੜੇ=ਕੂੜਿ=ਕੂੜ ਵਿਚ	**-**	**"ਅਸੰਖ ਕੂੜਿਆਰ ਕੂੜੇ ਫਿਰਾਹਿ॥" (ਜਪੁ ਜੀ)**
ਦਰੇ=ਦਰਿ	**-**	**"ਹਰਿ ਦਰੇ ਹਰਿ ਦਰਿ ਸੋਹਨਿ ਤੇਰੇ ਭਗਤ ਪਿਆਰੇ ਰਾਮ॥"(ਆਸਾ ਮ: ੫)**
ਸੰਸਾਰੇ=ਸੰਸਾਰਿ	**-**	**"ਸੰਤੋਖੁ ਭਇਆ ਸੰਸਾਰੇ॥" (ਸੋਰਠਿ ਮ: ੫)**

ਸੰਗੇ=ਸੰਗਿ	–	"ਪੇਖਤ ਸੁਨਤ ਸਦਾ ਹੈ ਸੰਗੇ, ਮੈ ਮੂਰਖ ਜਾਨਿਆ ਦੂਰੀ ਰੇ॥"(ਸੋਰਠਿ ਮ: ੫)
ਸਾਥੇ=ਸਾਥਿ	–	"ਨਾਨਕ ਪ੍ਰਭੁ ਮੇਰੈ ਸਾਥੇ॥" (ਸੋਰਠਿ ਮ: ੫)
ਧੁਰੇ=ਧੁਰਿ	–	"ਸੋਈ ਵਰਤੈ ਜਗਿ ਜਿ ਕੀਆ ਤੁਧੁ ਧੁਰੇ॥" (ਮ: ੫ ਵਾਰ ਗੂਜਰੀ)
ਉਪਰੇ=ਉਪਰਿ	–	"ਮੁਖੁ ਤਲੈ ਪੈਰੁ ਉਪਰੇ ਵਸੰਦੋ ਕੁਹਥੜੈ ਥਾਇ॥" (ਵਾਰ ਜੈਤਸਰੀ ਮ: ੫)
ਬ੍ਰਹਮੰਡੇ,ਪਿੰਡੇ=ਬ੍ਰਹਮੰਡ, ਪਿੰਡ	–	"ਜੋ ਬ੍ਰਹਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ॥" (ਧਨਾਸਰੀ ਪੀਪਾ)
ਕੁੰਭੇ=ਕੁੰਭਿ:	–	"ਕੁੰਭੇ ਬਧਾ ਜਲੁ ਰਹੈ॥" (ਆਸਾ ਦੀ ਵਾਰ)
ਅੰਤੇ=ਅੰਤਿ:	–	"ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥" (ਸਦੁ ਸੁੰਦਰ)

28.0 ਦੁਲਾਈਆਂ (Dulaava)

28.1 ਸਥਾਨਵਾਚਕ (Defining Place)

ਕਈ ਵੇਰ ਇਹ ਲਗ ਸਥਾਨਵਾਚਕ ਸੰਬੰਧਕੀ ਅਰਥਾਂ ਵਿਚ ਵਰਤੀ ਜਾਂਦੀ ਹੈ। ਇਹ ਨਰੋਲ ਪੰਜਾਬੀ ਮੁਹਾਵਰਾ ਹੈ ਅਤੇ ਪੋਠੋਹਾਰ ਵਿਚ ਹੁਣ ਤੱਕ ਵਰਤਿਆ ਜਾਂਦਾ ਹੈ। ਜਿਵੇਂ, ਉਹ ਕੋਠੇ ਚੜ੍ਹਿਆ ਹੈ, ਜਾਂ ਢੋਕੈ ਗਿਆ ਹੈ।
Sometimes this syllable is used as preposition for a place.

ਦੂਜੈ=ਦੂਜੇ ਨਾਲ ਜਾਂ ਨੂੰ	–	"ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥" (ਆਸਾ ਦੀ ਵਾਰ)
ਰਿਦੈ=ਰਿਦੇ ਵਿਚ	–	"ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥" (ਆਸਾ ਦੀ ਵਾਰ)
ਮੰਦੈ=ਮੰਦ ਵਿਚ	–	ਓਨ੍ਹੀ ਮੰਦੈ ਪੈਰੁ ਨ ਰਖਿਓ...॥" (ਆਸਾ ਦੀ ਵਾਰ)

ਰੈਨੜੀਐ=ਰੈਨ ਵਿਚ	–	"ਭਿੰਨੀ ਰੈਨੜੀਐ ਚਮਕਨਿ ਤਾਰੇ॥" (ਆਸਾ ਮ: ੫)
ਜੰਗੀਐ=ਜੰਘਾਂ ਨਾਲ	–	"ਫਰੀਦਾ ਇਨੀ ਨਿਕੀ ਜੰਗੀਐ ਥਲ ਡੂੰਗਰ ਭਵਿਓਮ੍ਹਿ॥" (ਸਲੋਕ)
ਕਹਣੈ=ਕਹਣ ਨਾਲ	–	"ਕਹਣੈ ਕਥਨਿ ਨ ਭੀਜੈ ਗੋਬਿੰਦੁ॥" (ਸੋਰਠਿ ਮ: ੫)
ਸੂਐ=ਸੂਏ ਉੱਤੇ	–	"ਸੂਐ ਚਾੜਿ ਭਵਾਈਅਹਿ ਜੰਤ॥" (ਆਸਾ ਦੀ ਵਾਰ)
ਨਾਰਾਇਣੈ=ਨਾਰਾਇਣ ਪਾਸਿ	–	"ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥" (ਬਾਰਹ ਮਾਹਾ ਮਾਝ ਮ: ੫) ਇਸੇ ਤਰ੍ਹਾਂ ਚਉਕੈ, ਮਥੈ, ਪੇੜੈ, ਸੰਜੈ, ਲੇਖੈ, ਤ੍ਰੇਤੈ, ਪਿਛੈ, ਅਗੈ, ਤਲੈ, ਘੋੜੜੈ, ਗੰਠੜੀਐ, ਸੁਖੈ, ਰਾਮਦਾਸੈ, ਆਦਿਕ।

28.2 ਨਾਂਵ (Noun)

ਕਿਸੇ ਨਾਂਵ ਦੇ ਅੰਤ ਵਿਚ, ਜਿਹਦੇ ਨਾਲ ਸੰਬੰਧਕੀ ਸ਼ਬਦ ਵਰਤਿਆ ਜਾਣਾ ਹੋਵੇ:–

At the end of noun where preposition word is used;

ਘਰੈ	–	"ਘਰੈ ਅੰਦਰਿ ਸਭੁ ਵਥੁ ਹੈ॥" (ਆਸਾ ਮ: ੩)
ਨਾਵੈ	–	"ਸਭ ਨਾਵੈ ਨੋ ਲੋਚਦੀ॥" (ਆਸਾ ਮ: ੩) "ਹਉਮੈ ਨਾਵੈ ਨਾਲਿ ਵਿਰੋਧੁ ਹੈ॥" (ਵਡਹੰਸੁ ਮ: ੩)

28.3 ਵਿਸ਼ੇਸ਼ਣ (Adjective)

ਜਦ ਕਿਸੇ ਨਾਂਵ ਨਾਲ ਉੱਤੇ ਦੱਸੇ ਗੁਣਾਂ ਵਾਲੀ ਸਿਹਾਰੀ (ਜਾਂ ਦੁਲਾਈਆਂ) ਲੱਗੀ ਹੋਵੇ ਤਾਂ ਉਸ ਦੇ ਵਿਸ਼ੇਸ਼ਣ ਦੇ ਅੰਤ ਵਿਚ ਲਾਂ ਦੀ ਥਾਂ ਦੁਲਾਂਈਆਂ ਆਵਣਗੀਆਂ।

When a noun is appears with an Sihari (or Dulavaa) as mentioned above, the following adjective will end with dulavaa instead of Laa'n.

ਅੰਧੈ	–	"ਮੂਰਖਿ ਅੰਧੈ ਪਤਿ ਗਵਾਈ॥" (ਆਸਾ ਦੀ ਵਾਰ)
ਪੂਰੈ	–	"ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ॥" (ਮ: ੪, ਵਾਰ ਬਿਲਾਵਲ) "ਸਤਿਗੁਰਿ ਪੂਰੈ ਸੇਵਿਐ ਦੂਖਾ ਕਾ ਹੋਇ ਨਾਸੁ॥" (ਵਾਰ ਗਉੜੀ ਮ: ੫)
ਭੀੜੈ	–	"ਰਾਹਿ ਭੀੜੈ ਅਗੈ ਜਾਵਣਾ॥" (ਆਸਾ ਦੀ ਵਾਰ)
ਭੀਹਾਵਲੈ	–	"ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ॥" (ਮ: ੫,ਵਾਰ ਗੂਜਰੀ)
ਸਬਾਇਐ	–	"ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥" (ਸਲੋਕ ਫਰੀਦ)
ਮੇਰੈ	–	"ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ॥" (ਮ: ੫,ਵਾਰ ਗਉੜੀ)
ਤੇਰੈ	–	"ਭਗਤ ਤੇਰੈ ਮਨਿ ਭਾਵਦੇ...॥" (ਆਸਾ ਦੀ ਵਾਰ) ਭਗਤ ਲੋਕ ਤੇਰੇ ਮਨ ਨੂੰ ਭਾਂਵਦੇ ਹਨ। ਇਹਦਾ ਇਹ ਅਰਤ ਨਹੀ ਕਿ ਤੇਰੇ ਭਗਤ ਮਨ ਨੂੰ ਭਾਉਂਦੇ ਹਨ। "ਤੇਰੈ ਭਰੋਸੈ, ਪਿਆਰੇ, ਮੈ ਲਾਡ ਲਡਾਇਆ॥" (ਸਿਰੀ ਰਾਗੁ ਮ: ੫)
ਪਰਾਇਐ	–	"ਫਰੀਦਾ ਬਾਰਿ ਪਰਾਇਐ ਬੈਸਣਾ ਸਾਈ ਮੁਝੈ ਨ ਦੇਹਿ॥"(ਸਲੋਕ ਫਰੀਦ)
ਕਚੈ	–	"ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥" (ਸਲੋਕ ਫਰੀਦ)
ਪਹਿਲੈ	–	"ਪਹਿਲੈ ਪਹਿਰੈ ਫੁਲੜਾ...॥" (ਸਲੋਕ ਫਰੀਦ)

28.4 ਕਿਰਿਆ (Verb)

ਕਿਰਿਆ ਦੇ ਅੰਤ ਵਿਚ ਕਾਰਣਿਕ ਅਰਥਾਂ ਨਾਲ। ਜਿਵੇਂ:

The end of a verb defines the action, as follows;

ਸੁਣਿਐ=ਸੁਣਨ ਕਰਕੇ:	**–**	**ਖਾਧੈ=ਖਾਣ ਤੋਂ। ਇਸ ਦਾ ਜ਼ਿਕਰ ਸਿਹਾਰੀ ਦੇ ਨੇਮ ੧੪ ਹੇਠਾਂ ਆ ਚੁੱਕਾ ਹੈ।**

29.0 **ਕਨੌੜਾ** (Kenora)

ਕਨੌੜਾ ਕਈ ਥਾਂਈ ਸਥਾਨ–ਵਾਚਕ ਸ਼ੰਬੰਧਕੀ ਦੇ ਤੌਰ ਤੇ ਵਰਤਿਆ ਗਿਆ ਹੈ। ਅਰਥ ਕਰਦਿਆਂ ਇਹਦੇ ਨਾਲ ਬਿੰਦੀ ਲਾ ਲਈਦੀ ਹੈ। ਯਥਾ:–

In some places the word which describes a location the kenora is used as the preposition

ਆਪੌਂ=ਆਪ ਥੋਂ	**–**	**"ਨਾਨਕ ਜੇ ਕੋ ਆਪੌਂ ਜਾਣੈ ਅਗੈ ਗਇਆ ਨ ਸੋਹੈ॥" (ਜਪੁ ਜੀ)** **ਹੇ ਨਾਨਕ! ਜੇ ਕੋਈ ਮਨੁੱਖ ਕੋਈ ਕਾਰਜ ਆਪਣੇ ਤੋਂ ਹੋਇਆ ਜਾਣੇ, ਤਾਂ ਉਹ ਅਗਲੀ ਦਰਗਾਹ ਜਾ ਕੇ ਚੰਗਾ ਨਹੀਂ ਲੱਗੇਗਾ।**
ਮੁਹੌ=ਮੂੰਹ ਤੋਂ	**–**	**"ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥" (ਜਪੁ ਜੀ)**
		ਇਸੇ ਤਰ੍ਹਾਂ " ਇਕ ਦੂ ਜੀਭੌ ਲਖ ਹੋਹਿ...॥" **(ਜਪੁ ਜੀ) ਦਾ ਹਾਲ ਹੈ।**

ਗੁਰਬਾਣੀ ਵਿਆਕਰਣ

Gurbani Viakaran

MODULE 5

Content

30.0 **ਸਿਹਾਰੀ** (Sihari)

30.1 **ਮੂਲਿਕ ਸਿਹਾਰੀ** (Original Sihari)

30.2 **ਇਸਤ੍ਰੀ ਲਿੰਗ ਵਾਚਕ ਸਿਹਾਰੀ** (Feminine Sihari)

30.3 **ਇਸਤ੍ਰੀ ਲਿੰਗ ਨਾਂਵ** (Feminine Noun Sihari)

30.4 **ਅਰਬੀ ਭਾਸ਼ਾ ਦੇ ਨਾਂਵ** (Arabic Language Feminine Noun Sihari)

31.0 **ਸੰਖਿਆਵਾਚਕ** (Count)

1.0 ਸਿਹਾਰੀ (Sihari)

1.1 ਮੂਲਿਕ ਸਿਹਾਰੀ (Original Sihari)

ਮੂਲਿਕ ਸਿਹਾਰੀ, ਅਰਥਾਤ ਜੇ ਕੋਈ ਸ਼ਬਦ ਕਿਸੇ ਹੋਰ ਬੋਲੀ ਵਿਚੋਂ ਆਉਂਦਿਆਂ ਅਪਣੇ ਨਾਲ ਅੰਤਲੀ ਸਿਹਾਰੀ ਲਿਆਇਆ ਹੋਵੇ ਤਾਂ ਉਹ ਸਿਹਾਰੀ ਕਾਇਮ ਰਹੇਗੀ। ਕੁਝ ਸ਼ਬਦ ਇਸ ਪ੍ਰਕਾਰ ਹੈ।

The original sihari is the syllable which is brought along by the words originating from its mother language and these syllable remains with the word. Some of the words are as follows;

ਹਰਿ, ਨਾਰਿ, ਰਾਸਿ (=ਰਾਸ ਮੰਡਲ),ਜੁਗਤਿ, ਧੁਨਿ, ਭੂਮਿ, ਧਰਤਿ, ਪ੍ਰੀਤਿ, ਦ੍ਰਿਸਟਿ, ਆਦਿ, ਸਿਮ੍ਰਿਤਿ, ਨਾਭਿ, ਮੇਦਨਿ, ਸ਼ਕਤਿ, ਰੈਣਿ, ਰਾਤਿ, ਰੁਤਿ, ਸ੍ਰਿਸਟਿ, ਜਾਂ ਸਿਰਠਿ, ਕੀਰਤਿ, ਰਵਿ, ਅਗਨਿ,ਜਾਂ ਆਗਿ, ਜਾਂ ਅਗਿ, ਸਮਾਧਿ, ਮਰਤਿ, ਜਤਿ, ਜੋਤਿ, ਰੀਤਿ, ਅਤਿ, ਬ੍ਰਿਤਿ, ਪਰਵਿਰਤਿ, ਨਿਰਵਿਰਤਿ, ਥਿਤਿ, ਸ਼ਾਂਤਿ, ਆਥਿ, ਸਰਣਿ, ਨਿਧਿ, ਰਿਧਿ, ਬਿਧਿ, ਜੋਨਿ, ਬਿਭੂਤਿ, ਸੁਰਤਿ, ਧੂਰਿ,ਜਾਂ ਧੂੜਿ, ਜਾਂ ਧੂਲਿ, ਮੁਨਿ, ਤ੍ਰਿਪਤਿ, ਆਧਿ, ਬਿਆਧਿ, ਉਪਾਧਿ, ਚਿੰਤਾਮਣਿ, ਸ੍ਰਸਤਿ ਜਾਂ ਸੁਅਸਤਿ ਆਦਿਕ।

ਭਗਤਿ = ਭਗਤੀ	–	**ਪਰ ਜਿਥੇ ਭਗਤੀ ਕਰਨ ਵਾਲੇ ਤੋਂ ਭਾਵ ਹੋਵੇ ਉਥੇ 'ਭਗਤੁ' (ਇਕ–ਵਚਨ) ਜਾਂ 'ਭਗਤ' (ਬਹੁ–ਵਚਨ) ਆਵੇਗਾ :** **"ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ॥" ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ॥" (ਆਸਾ ਮ: ੪)**
ਮੁਕਤਿ= ਮੁਕਤੀ	–	**"ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ॥" (ਸੂਹੀ ਮ: ੫)** **ਪਰ ਜਿਥੇ ਭਾਵ ਮੁਕਤੀ ਪ੍ਰਾਪਤ ਕਰਨ ਵਾਲੇ ਤੋਂ ਹੋਵੇ, ਉਥੇ 'ਮੁਕਤੁ' ਜਾਂ 'ਮੁਕਤ' ਆਵੇਗਾ।** **"ਇਹ ਜੀਉ ਸਦਾ ਮੁਕਤੁ ਹੈ॥" (ਮ: ੩ ਵਾਰ ਗੂਜਰੀ)**
ਗਤਿ=	–	**"ਨਾਮੋ ਗਤਿ ਨਾਮੋ ਪਤਿ ਜਨ ਕੀ॥" (ਧਨਾਸਰੀ ਮ: ੫)**

ਗਤੀ, ਮੁਕਤੀ

ਪਰ ਜਿਥੇ ਇਸ ਸ਼ਬਦ ਦੇ ਅਰਥ 'ਚਲਿਆ, ਗਿਆ, ਹੋਇਆ, ਹੋਣ ਉਥੇ ਇਹਦੀ ਸ਼ਕਲ 'ਗਤੁ' ਜਾਂ 'ਗਤ' ਹੋਵੇਗੀ:
"ਅਪਿਓ ਪੀਓ ਗਤੁ ਥੀਓ ਭਰਮਾ...॥" (ਜੈਤਸਰੀ ਮ: ੫)
ਅਰਥਾਤ, ਭਰਮ ਚਲੰਤੂ ਹੋਏ।
"ਦੂਖ ਰੋਗ ਭਏ ਗਤੁ...॥' (ਆਸਾ ਮ: ੫)
ਦੁੱਖ ਰੋਗ ਚਲਣੇ ਵਾਲੇ ਬਣੇ।

ਗੰਢਿ=ਗੰਠਿ ਜਾਂ ਗੰਠੀ –

"ਜੇ ਜਾਣਾ ਲੜੁ ਛਿਜਣਾ ਪੀਡੀ ਪਾਈ ਗੰਢਿ॥" (ਫਰੀਦ)
ਪਰ ਜਿਥੇ ਇਹ ਸ਼ਬਦ ਬਦਲ ਕੇ 'ਜੋੜ' ਦੇ ਅਰਥ ਰਖਦਾ ਅਤੇ ਪੁਲਿੰਗ ਹੁੰਦਾ ਹੈ, ਉਥੇ 'ਗੰਢੁ' ਕਰਕੇ ਲਿਖਿਆ ਜਾਂਦਾ ਹੈ:–
"ਕੈਹਾਂ ਕੰਚਨੁ ਤੁਟੈ ਸਾਰੁ॥ ਅਗਨੀ ਗੰਢੁ ਪਾਏ ਲੋਹਾਰੁ॥" (ਮ: ੧, ਵਾਰ ਮਾਝ)
"ਸਾਚੇ ਨਾਲਿ ਤੇਰਾ ਗੰਢੁ ਲਾਗੈ॥" (ਆਸਾ ਮ: ੩)

ਬੁਧਿ,ਸਿਧਿ= ਬੁੱਧੀ,ਸਿਧੀ –

"ਰਿਧਿ ਬੁਧਿ ਸਿਧਿ ਗਿਆਨੁ ਸਦਾ ਸੁਖੁ ਹੋਇ ॥" (ਮ: ੧ ਵਾਰ ਮਲਾਰ)
ਪਰ ਜਿਥੇ ਬੁੱਧੀ ਨੂੰ, ਸਿਧੀ ਨੂੰ ਪ੍ਰਾਪਤ ਹੋਏ-ਹੋਏ ਮਨੁੱਖਾਂ ਤੋਂ ਭਾਵ ਹੋਵੇ , ਓਥੇ ਸ਼ਬਦ ਬੁਧੁ, ਸਿਧੁ (ਇਕ-ਵਚਨ) ਜਾਂ ਬੁਧ ਸਿਧ (ਬਹੁਵਚਨ) ਆਉਣਗੇ:
"ਭੈ ਵਿਚਿ ਸਿਧ ਬੁਧ ਸੁਰ ਨਾਥ॥" (ਆਸਾ ਦੀ ਵਾਰ)

ਮਤਿ=ਬੁਧਿ: –

"ਮਤਿ ਥੋੜੀ ਸੇਵ ਗਵਾਈਐ॥'' (ਆਸਾ ਦੀ ਵਾਰ)
ਹੋਛੀ ਬੁਧੀ ਕਰਕੇ ਕੀਤੀ ਕਰਤੀ ਸੇਵਾ ਗਵਾ ਲਈਦੀ ਹੈ। ਇਥੇ 'ਮਤਿ' ਦੇ ਅਰਥ 'ਐਸਾ ਨਾ ਹੋਵੇ ਕਿ' ਨਹੀ ਕੀਤੇ ਜਾ ਸਕਦੇ ਕਿਉਂਕਿ ਕਿ 'ਮੱਤ' ਦਾ ਤੱਤਾ ਉਸ ਹਾਲਤ ਵਿਚ ਖਾਲੀ ਹੁੰਦਾ ਹੈ। ਜਾਂ ਉਹਦੇ ਨਾਲ ਔਂਕੜ ਹੁੰਦਾ ਹੈ। ਸਿਹਾਰੀ ਨਹੀ ਹੁੰਦੀ।
ਜਦ 'ਮਤੁ' ਦੇ ਅਰਥ 'ਮੱਤਾ ਹੋਇਆ' ਜਾਂ 'ਮਸਤ' ਹੁੰਦੇ ਹਨ, ਤਾਂ ਭੀ ਤੱਤੇ ਨਾਲ ਸਿਹਾਰੀ ਨਹੀ ਹੁੰਦੀ, ਔਂਕੜ ਹੁੰਦਾ ਹੈ।ਯਥਾ–
"ਮਨੁ ਮੈ ਮਤੁ ਮੈਗਲ ਮਿਕਦਾਰਾ॥" (ਧਨਾਸਰੀ ਮ: ੩)
ਮਨ ਸ਼ਰਾਬ ਦਾ ਮੱਤਾ ਹੋਇਆ ਹਾਥੀ ਵਰਗਾ ਹੈ। ਇਸੇ ਵਜਨ ਤੇ ਸ਼ਬਦ 'ਕਰਮ-ਰਤ ਬਣਿਆ ਹੈ। ਜਿਸ ਦੇ ਅਰਥ ਹਨ 'ਕਰਮਾ ਦਾ ਰਤਾ: ਯਥਾ–
ਕੋਈ ਹੋਆ ਕ੍ਰਮ-ਰਤੁ ਕੋਈ ਤੀਰਥ ਨਾਇਆ॥" (ਧਨਾਸਰੀ ਮ: ੫)

ਪਤਿ=ਪਤੀ ਜਾਂ ਇਜ਼ੱਤ – "ਜਹ ਨਿਰਮਲ ਪੁਰਖੁ ਪੁਰਖੁ-ਪਤਿ ਹੋਤਾ॥" (ਸੁਖਮਨੀ)
"ਏਤੁ ਰਾਹਿ ਪਤਿ ਪਵੜੀਆ ॥" (ਜਪੁ ਜੀ)
ਇਨ੍ਹਾਂ ਦੋਹਾਂ ਤੁਕਾਂ ਵਿਚ 'ਪਤਿ' ਤੋ ਭਾਵ ਪਤੀ ਜਾਂ ਭਰਤਾ ਹੈ।
"ਮੂਰਖਿ ਅੰਧੈ ਪਤਿ ਗਵਾਈ॥" (ਆਸਾ ਦੀ ਵਾਰ)
ਇਥੇ 'ਪਤਿ' ਦੇ ਅਰਥ ਮਾਣ ਜਾਂ ਇੱਜਤ ਹਨ।
ਇਸੇ ਤਰ੍ਹਾਂ 'ਬਿਪਤਿ' ਨਾਲ ਸਿਹਾਰੀ ਆਵੇਗੀ।
ਜਦ 'ਪਤ' ਦੇ ਅਰਥ 'ਪਤਰ' ਹੋਣ ਤਾਂ ਤੱਤਾ ਮੁਕਤਾ ਜਾਂ ਉਹਦੇ ਨਾਲ ਔਂਕੜ ਹੋਵੇਗਾ।
"ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥"
(ਆਸਾ ਦੀ ਵਾਰ)
'ਪਤੁ' ਜੋਗੀਆਂ ਦੀ ਸੰਪ੍ਰਦਾ ਦਾ ਭੀ ਸ਼ਬਦ ਹੈ।
"ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ
ਅੰਮ੍ਰਿਤ ਨਾਮੁ ਭੁਗਤਿ ਪਾਈ॥" (ਰਾਮਕਲੀ ਮ: ੩)
"ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ॥"
(ਰਾਮਕਲੀ ਮ: ੧)

ਮਿਤਿ=ਹਦ (Extent) – "ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥"
(ਦਖਣੀ ਓਅੰਕਾਰੁ)
ਜਿਥੇ 'ਮਿਤੁ' ਮਿੱਤਰ ਦੀ ਥਾਂ ਆਵੇ , ਉਥੇ ਤੱਤੇ ਨਾਲ ਸਿਹਾਰੀ ਨਹੀਂ ਹੁੰਦੀ :
"ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥"
(ਸਲੋਕ ਫਰੀਦ)
"ਮਿਤੁ ਪੈਝੈ ਮਿਤੁ ਬਿਗਸੈ...॥" (ਰਾਮਕਲੀ ਸੱਦ)

ਸਤਿ=ਸਚਾ: – ਇਹ ਵਿਸ਼ੇਸ਼ਣ (adjective) ਹੈ ਤੇ ਇਹਦੇ ਅੰਤ ਵਿਚ ਸਿਹਾਰੀ ਆਉਂਦੀ ਹੈ:
"ਚਰਨ ਸਤਿ, ਸਤਿ ਪਰਸਨਹਾਰ॥
ਪੂਜਾ ਸਤਿ, ਸਤਿ ਸੇਵਦਾਰ॥
"ਆਪਿ ਸਤਿ, ਸਤਿ ਸਭ ਧਾਰੀ॥" (ਸੁਖਮਨੀ)
ਪਰ ਜਿਥੇ 'ਸਤੁ' ਨਾਂਵ (noun) ਹੁੰਦਾ ਹੈ ਉਥੇ ਇਹਦਾ ਤੱਤਾ ਮੁਕਤਾ ਜਾਂ ਔਂਕੜ ਵਾਲਾ ਹੁੰਦਾ ਹੈ।ਅਤੇ ਅਰਥ ਹੁੰਦੇ ਹਨ: 'ਸਚੁ' ਜਾਂ 'ਸਤਿਆ' 'ਦਾਨ ਪੁਨ' ਜਾਂ ਕਿਸੇ ਖਾਸ ਸ਼੍ਰੇਣੀ ਦਾ ਖਾਸ ਧਰਮ' ਜਿਵੇਂ, ਇਸਤ੍ਰੀ ਜਾਤੀ ਦਾ ਖਾਸ ਗੁਣ ਚਾਲ-

ਚਲਣ ਦੀ ਪਵਿੱਤ੍ਰਤਾ ਹੈ। ਯਥਾ:
"ਸੁਣਿਐ ਸਤੁ, ਸੰਤੋਖੁ, ਗਿਆਨੁ॥" (ਜਪੁ ਜੀ)
ਇਥੇ 'ਸਤੁ' ਦੇ ਅਰਥ ਹਨ, ਸਚਾਈ ਦਾ ਭਾਵ।
"ਪਤਿ ਵਿਣੁ ਪੂਜਾ, ਸਤ ਵਿਣੁ ਸੰਜਮ, ਜਤ ਵਿਣੁ ਕਾਹੇ ਜਨੇਊ॥"
(ਰਾਮਕਲੀ ਮ: ੧)
ਇਥੇ 'ਸਤ' ਦੇ ਅਰਥ 'ਦਾਨ' ਹਨ। ਬਿਨਾ ਦਾਨ ਦੇ ਸੰਜਮ ਨਾਲ ਰਹਿਣਾ ਕੰਜੂਸੀ ਹੋਵੇਗੀ।
"ਸਤੁ ਸੀਗਾਰ, ਭਉ ਅੰਜਨੁ ਪਾਇਆ॥ ਅੰਮ੍ਰਿਤ ਨਾਮੁ ਤੰਬੋਲ ਮੁਖਿ ਖਾਇਆ॥"
(ਸੂਹੀ ਮ:੫)
ਇਥੇ ਇਸਤ੍ਰੀ ਰੂਪ ਹੋ ਕੇ ਗੁਰੂ ਸਾਹਿਬ ਵਾਹਿਗੁਰੂ-ਕੰਤ ਨੂੰ ਰੀਝਾਣ ਲਈ ਆਪਣੇ ਸਿੰਗਾਰ ਦਾ ਵੇਰਵਾ ਦਸਦੇ ਹਨ। "ਸਤੁ" ਤੋਂ ਭਾਵ ਇਸਤ੍ਰੀ ਦਾ ਜਤ ਹੈ।
"ਬਿਨੁ ਸਤ ਸਤੀ ਹੋਇ ਕੈਸੇ ਨਾਰਿ॥" (ਗਉੜੀ ਕਬੀਰ)

ਕਲਿ=ਕਲੀ, ਕਲਿਯੁਗ, ਚਿੰਤਾ ਜਾਂ ਭਲਕੇ – "ਨਾ-ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ॥"
(ਵਡਹੰਸੁ ਮ: ੧)
"ਗੁਰਮਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥"
(ਸੂਹੀ ਮ: ੫)
ਇਨ੍ਹਾਂ ਦੋਹਾਂ ਤੁਕਾਂ ਵਿਚ 'ਕਲਿ' ਤੋਂ ਭਾਵ ਕਲਿਜੁਗ ਹੈ।
"ਕਲਿ ਕਲੇਸ ਮਿਟੰਤ ਸਿਮਰਣਿ ਕਾਟਿ ਜਮਦੂਤ ਫਾਸ॥" (ਗੂਜਰੀ ਮ: ੫)
ਇਥੇ 'ਕਲਿ' ਤੋਂ ਭਾਵ ਚਿੰਤਾ ਜਾਂ ਮਨ ਦਾ ਦੁੱਖ ਹੈ।
ਜਦ 'ਕਲ' ਦੇ ਅਰਥ ਕਲਾ, ਸ਼ਕਤੀ, ਹੁਨਰ ਜਾਂ ਸਕੀਮ ਹੁੰਦੇ ਹਨ ਤਾਂ ਇਹਦੇ ਅੰਤ ਸਿਹਾਰੀ ਨਹੀ ਹੁੰਦੀ:
"ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ॥"
(ਆਸਾ ਦੀ ਵਾਰ)
"ਜਾਤਿ ਮਹਿ ਜੋਤਿ, ਜੋਤਿ ਮਹਿ ਜਾਤਾ, ਅਕਲ ਕਲਾ ਭਰਪੂਰਿ ਰਹਿਆ॥"
(ਆਸਾ ਦੀ ਵਾਰ)
ਇਥੇ 'ਅਕਲ' ਦੇ ਅਰਥ 'ਕਲਪਦਾ ਤੋਂ ਰਹਿਤ' ਨਹੀ ਹੋ ਸਕਦੇ, ਕਿਉਂਕਿ ਲੱਲੇ ਨਾਲ ਸਿਹਾਰੀ ਨਹੀ। ਇਥੇ 'ਅਕਲ ਕਲਾ' ਦੇ ਅਰਥ ਹਨ : ਐਸੇ ਹੁਨਰ ਨਾਲ ਜੋ (ਬਣਾਉਟੀ) ਹੁਨਰ ਤੋਂ ਰਹਿਤ ਹੋਵੇ, ਭਾਵ ਬਹੁਤ ਹੀ ਉੱਚੇ ਅਤੇ ਅਚੰਭਾ ਕਰ ਦੇਣ ਵਾਲੇ ਕੋਮਲ ਹੁਨਰ ਨਾਲ। ਸਭ ਤੋਂ ਚੰਗਾ ਹੁਨਰ ਉਹ ਹੁੰਦਾ ਹੈ ਜਿਸ ਵਿਚ

ਹੁਨਰ ਦੀ ਹੋਂਦ ਨਾ ਦਿਸੇ। ਚਿਤਰਕਾਰ ਆਪਣੇ ਹੁਨਰ ਵਿਚ ਪੂਰਨ ਸਫਲਤਾ ਤਦ ਹੀ ਪ੍ਰਾਪਤ ਕਰਦਾ ਹੈ ਜਦ ਵੇਖਣ ਵਾਲੇ ਦੀਆਂ ਅੱਖਾਂ ਦੇ ਸਾਮ੍ਹਣਿਓਂ ਚਿਤਰ ਦਾ ਕਾਗਜ਼ ਅਤੇ ਰੰਗਾਕਾਰੀ ਓਲ੍ਹੇ ਹੋ ਜਾਵੇ ਤੇ ਨਿਰੀ ਮੂਰਤ ਹੀ ਮੂਰਤ ਦਿਸੇ। ਜੇ ਮੂਰਤ ਦੀਆਂ ਅੱਖਾਂ ਅਤੇ ਬੁਲ੍ਹਾਂ ਵੱਲ ਵੇਖਦਿਆਂ ਕਾਗਜ਼ ਦੀ ਤਖਤੀ ਅਤੇ ਰੰਗ ਦੀਆਂ ਝਰੀਟਾਂ ਵੇਖਣ ਵਾਲੇ ਦੀ ਰੁਚੀ ਨੂੰ ਖਿੱਚਦੀਆਂ ਹਨ, ਤਾਂ ਉਹਦਾ ਹੁਨਰ ਪੂਰਾ ਨਹੀ। ਰਾਜਾ ਦੁਸ਼ਯੰਤ ਸਕੁੰਤਲਾ ਦੀ ਤਸਵੀਰ ਵੇਖਦਿਆਂ-ਵੇਖਦਿਆਂ ਇਨਾ ਮਗਨ ਹੋ ਜਾਂਦਾ ਹੈ ਕਿ ਉਹਦੀਆ ਆਪਣੀਆ ਅੱਖਾਂ ਚੋਂ ਹੰਝੂ ਕਿਰ ਕੇ ਮੂਰਤ ਦੀਆਂ ਅੱਖਾਂ ਉਤੇ ਜਾ ਪੈਂਦਾ ਹੈ, ਪਰ ਉਹਨੂੰ ਇਹੋ ਪਰਤੀਤ ਹੁੰਦਾ ਹੈ ਉਹ ਹੰਝੂ ਚਿਤਰਕਾਰ ਨੇ ਸਕੁੰਤਲਾ ਦੀਆਂ ਅੱਖਾਂ ਵਿਚ ਬਣਾਇਆ ਹੈ। ਜੇ ਦੁਸ਼ਯੰਤ ਦਾ ਕਾਗਜ਼ ਅਤੇ ਰੰਗਾਂ ਵੱਲ ਧਿਆਨ ਜਾਂਦਾ ਤਾਂ ਉਹਦੇ ਉਤੇ ਇਹ ਅਸਰ ਨਾ ਹੁੰਦਾ। ਸਾਂਗ ਰਚਣ ਵਾਲਿਆਂ ਅਤੇ ਗਾਉਣ ਵਾਲਿਆਂ ਦਾ ਭੀ ਇਹੋ ਯਤਨ ਹੁੰਦਾ ਹੈ ਕਿ ਜੋ ਵਸੀਲੇ ਤੇ ਢੰਗ ਹੁਨਰ ਨੂੰ ਕਾਮਯਾਬ ਬਣਾਨ ਵਿਚ ਵਰਤੇ ਜਾਂਦੇ ਹਨ, ਉਹ ਲੋਕਾਂ ਦੀਆਂ ਅੱਖਾਂ ਅਤੇ ਕੰਨਾਂ ਤੋਂ ਲੋਪ ਰਹਿਣ। ਇਸੇ ਲਈ ਲਾਤੀਨੀ ਵਿਚ ਇਕ ਅਖਾਵਤ ਹੈ ਕਿ "ਹੁਨਰ ਦੇ ਛੁਪਾਣ ਦਾ ਨਾਂ ਹੁਨਰ ਹੈ"।ਰੱਬ ਦਾ ਹੁਨਰ ਉਹਦੀ ਕੁਦਰਤ ਹੈ। ਗੁਰੂ ਸਾਹਿਬ ਦਾ ਭਾਵ ਇਹ ਹੈ ਕਿ ਸਾਰੀਆਂ ਸ਼੍ਰੇਣੀਆਂ ਦੀਆਂ ਹਸਤੀਆਂ ਵਿਚ ਵਾਹਿਗੁਰੂ ਦਾ ਨੂਰ ਹੈ। ਅਤੇ ਉਸੇ ਨੂਰ ਵਿਚ ਸਾਰੀਆਂ ਹਸਤੀਆਂ ਹਨ। ਪਰ ਇਹ ਨੂਰ ਉਹਨਾ ਵਿਚ ਐਸੇ ਕੋਮਲ ਹੁਨਰ ਨਾਲ ਪ੍ਰਵੇਸ਼ ਕਰ ਰਿਹਾ ਹੈ ਕਿ ਮਾਨੋ ਕੋਈ ਹੁਨਰ ਵਰਤਿਆ ਹੀ ਨਹੀ ਗਿਆ। ਮਾਦੀ ਚੀਜਾਂ ਵਿਚ ਆਤਮਿਕ-ਜੋਤ ਦਾ ਸਮਾਉਣਾ ਇਕ ਵੱਡੇ ਅਚੰਭੇ ਦੀ ਗੱਲ ਹੈ। ਗੁਲਾਬ ਦੇ ਬੂਟੇ ਵਿਚ ਉਹਦਾ ਬੀਜ, ਮਿੱਟੀ, ਪਾਣੀ, ਹਵਾ ਆਦਿਕ ਮਾਦੀ ਚੀਜਾਂ ਰਲ ਕੇ ਕੰਮ ਕਰ ਰਹੀਆਂ ਹਨ।ਪਰ ਇਨ੍ਹਾਂ ਤੋਂ ਅੱਡ ਇਕ ਹੋਰ ਕੋਮਲ ਤੋਂ ਕੋਮਲ ਚੀਜ਼ ਭੀ ਕੰਮ ਕਰ ਰਹੀ ਹੈ ਉਹ ਹੈ ਵਾਹਿਗੁਰੂ ਦੀ ਜੋਤ।ਜੋ ਉਸ ਦੀ ਮਾਦੀ ਹਸਤੀ ਵਿਚ ਅਜੇਹੇ ਬਰੀਕ ਅਤੇ ਅਦ੍ਰਿਸ਼ ਤਰੀਕੇ ਨਾਲ ਵਰਤਦੀ ਹੈ ਕਿ ਵੱਡੇ ਤੋਂ ਵੱਡਾ ਸਾਇੰਸਦਾਨ ਭੀ ਹੈਰਾਨ ਰਹਿ ਜਾਂਦਾ ਹੈ। ਇਸੇ ਤਰਾਂ ਸਾਡੇ ਸਰੀਰ, ਸਾਡੇ ਮਨ, ਸਾਡੀ ਆਤਮਾ, ਸਾਡੇ ਰੂਪ, ਸਾਡੇ ਰੰਗ ਵਿਚ ਵਾਹਿਗੁਰੂ ਦੀ ਜੋਤ ਅਲੋਪ ਹੋ ਕੇ ਵਰਤ ਰਹੀ ਹੈ ਅਤੇ ਸਾਡਾ ਭੀ ਸਭ ਤੋਂ ਉੱਚਾ ਫਰਜ਼ ਇਹੋ ਦੱਸਿਆ ਹੈ ਕਿ

"ਨਿਰੰਕਾਰ ਮਹਿ ਆਕਾਰੁ ਸਮਾਵੈ॥
ਅਕਲ ਕਲਾ ਸਚੁ ਸਾਚਿ ਟਿਕਾਵੈ॥
ਸ਼ੋ ਨਰੁ ਗਰਭ ਜੋਨਿ ਨਹੀ ਆਵੈ॥" (ਆਸਾ ਮ: ੧)

ਅਰਥਾਤ, ਜੋ ਮਨੁੱਖ ਆਪਣੀ ਮਾਦੀ ਹਸਤੀ ਨੂੰ ਆਕਾਰ ਰਹਿਤ ਮਹਾਂ ਜੋਤੀ ਸਰੂਪ

ਵਾਹਿਗੁਰੂ ਵਿਚ ਲੀਨ ਕਰੇ ਅਤੇ ਪੂਰਣ ਜੁਗਤੀ ਨਾਲ ਆਪਣੀ ਅਸਲੀਅਤ ਨੂੰ ਵਾਹਿਗੁਰੂ ਦੀ ਅਸਲੀਅਤ ਵਿਚ ਟਿਕਾ ਦੇਵੇ, ਤਾਂ ਬਸ ਉਹ ਮੁਕਤ ਹੋ ਗਿਆ ਸਮਝੋ।

ਸਠਿ=ਸਠੀ: – "ਸੁਣਿਐ ਅਠਸਠਿ ਕਾ ਇਸਨਾਨੁ॥" (ਜਪੁ ਜੀ)
'ਸਠਿ' ਦੀ ਪੁਰਾਣੀ ਸ਼ਕਲ 'ਸਠੀ' ਹੈ, ਜਿਵੇਂ–
"ਚਾਲੀਸੀ ਪੁਰੁ ਹੋਇ, ਪਚਾਸੀ ਪਗੁ ਖਿਸੈ, ਸਠੀ ਕੇ ਬੋਢੇਪਾ ਆਵੈ॥"
(ਵਾਰ ਮਾਝ ਮ: ੧)
ਗੁਰਬਾਣੀ ਵਿਚ 'ਸਠ' ਭੀ ਆਇਆ ਹੈ, ਜਿਸ ਦਾ ਅਰਥ ਹੁੰਦਾ ਹੈ ਮੂਰਖ (fool):

"ਸਠ ਕਠੋਰ ਕੁਲਹੀਨੁ ਬਿਆਪਤ ਮੋਹੁ ਕੀਚੁ॥"
(ਆਸਾ ਮ: ੫)
ਇਸੇ ਤਰ੍ਹਾਂ ਜਦ 'ਕੋਟਿ' ਦਾ ਭਾਵ 'ਕ੍ਰੋੜ' ਹੁੰਦਾ ਹੈ ਤਾਂ ਇਹਦੇ ਅੰਤ ਵਿਚ ਸਿਹਾਰੀ ਹੁੰਦੀ ਹੈ ਅਤੇ ਜਦ ਇਹਦਾ ਅਰਥ 'ਕਿਲ੍ਹਾ' ਹੁੰਦਾ ਹੈ ਤਾਂ ਟੈਂਕਾ ਖਾਲੀ ਜਾਂ ਔਂਕੜ ਨਾਲ ਆਉਂਦਾ ਹੈ। ਜਦ 'ਹਸਤਿ' 'ਹਸਤੀ' ਦੀ ਥਾਂ ਹਾਥੀ ਦੇ ਅਰਥ ਰਖਦਾ ਹੈ, ਤਾਂ ਇਹਦੇ ਅੰਤ ਵਿਚ ਸਿਹਾਰੀ ਆਉਂਦੀ ਹੈ ਅਤੇ ਜਦ ਇਹਦੇ ਅਰਥ ਹੁੰਦੇ ਹਨ, ਹਥ, ਜਾਂ 'ਹਸਦਾ' ਤਦ ਇਹਦੀ ਸ਼ਕਲ 'ਹਸਤੁ' ਜਾਂ 'ਹਸਤ' ਹੁੰਦੀ ਹੈ। 'ਸੁਧਿ' ਦੇ ਅਰਥ 'ਸੋਝੀ' ਹਨ, 'ਸੁਧੁ' ਦੇ ਅਰਥ ਸੋਧਿਆ ਹੋਇਆ ਹਨ। 'ਮੂਰਤਿ' ਦੇ ਅਰਥ 'ਮੂਰਤੀ' ਜਾਂ ਸ਼ਕਲ ਹਨ ਅਤੇ 'ਮੂਰਤੁ' ਮਹੂਰਤ ਦੀ ਥਾਂ ਆਇਆ ਹੈ।

In the same manner when the word **'ਕੋਟਿ'** means 'ten million' a sihari appears on the last consonant but it means 'fort' then **'ਟ'** remains empty or appears with an auangkar. When the word **'ਹਸਤਿ'** or **'ਹਸਤੀ'** means elephant, sihari or bihari appears on the last consonant but when the same word means 'happen', 'hand' or 'laughing' then the .. letter appears empty or with an auangkar.
In the same manner, **'ਸੁਧਿ'** means 'realisation' and **'ਸੁਧੁ'** means 'corrected'.

In the same manner, **'ਮੂਰਤਿ'** means 'idol' and **'ਮੂਰਤੁ'** means 'auspicious time'.

1.2 ਇਸਤ੍ਰੀ ਲਿੰਗ ਵਾਚਕ ਸਿਹਾਰੀ (Feminine Sihari)

ਇਸਤ੍ਰੀ ਲਿੰਗ ਸ਼ਬਦਾਂ ਵਾਸਤੇ ਸਿਹਾਰੀ ਦੀ ਵਰਤੋਂ ਕਿਤੀ ਜਾਂਦੀ ਹੈ, ਜਿਵੇਂ ਕਿ ਹੇਠ ਲਿੱਖੇ ਸ਼ਬਦ ਹਨ ਜੋ ਗੁਰਬਾਣੀ ਵਿਚ ਵਰਤੇ ਹਨ।

Sihari is often use to define a feminine word, following are some of these words which appeared in Gurbani;

ਭੰਡਾਰਣਿ, ਅਹਰਣਿ, ਸੋੁਹਾਗਣਿ, ਪਰਦੇਸਨਿ, ਕਲਾਲਨਿ, ਬੈਰਨਿ, ਮਾਲਿਨਿ, ਬਨਜਾਰਨਿ, ਬੈਰਾਗਣਿ, ਸਾਹਨਿ (=ਸ਼ਾਹਣੀ), ਸਾਪਨਿ, ਸਰਪਨਿ, ਜਲਨਿ, ਦਾਮਨਿ, ਵਰਤਣਿ, ਪੜੋਸਣਿ, ਸਉਕਨਿ, ਗੀਹਨਿ, ਤਾਜਨਿ ਜਾਂ ਤੇਜਣਿ (=ਘੋੜੀ), ਘਾਣਿ, ਕਾਣਿ, ਆਣਿ, ਪਾਣਿ।

ਕਾਮਣਿ: – **"ਗੁਣਿ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥"**
(ਤਿਲੰਗ ਮ: ੧)

ਜੋ ਇਸਤ੍ਰੀ ਗੁਣਾ ਦੇ ਤਵੀਤ ਬਣਾਏ ਤਾਂ ਪਿਆਰੇ ਨੂੰ ਪਾ ਸਕਦੀ ਹੈ।ਪਹਿਲੇ 'ਕਾਮਣ' ਦਾ ਣਾਣਾ ਮੁਕਤਾ ਹੈ ਅਤੇ ਉਹਦਾ ਅਰਥ ਹੈ ਤਵੀਤ ਜਾਂ ਟੂਣੇ ਧਾਗੇ ਤੇ ਦੂਜੇ ਦੇ ਅੰਤ ਵਿਚ ਸਿਹਾਰੀ ਹੈ ਅਤੇ ਅਰਥ ਇਸਤ੍ਰੀ ਹੈ।

The above Gurbani line means that a woman who makes a charm of virtues obtains her beloved groom. The first **'ਕਾਮਣ'** word appeared without any syllable which means 'charm' and the second **'ਕਾਮਣਿ'** word appeared with a sihari which means 'woman'.

ਤਰੁਣਿ: **"ਜੈਸੀ ਤਰੁਣਿ ਭਤਾਰ ਉਰਝੀ, ਪਿਰਹਿ ਸਿਵੈ, ਇਹੁ ਮਨੁ ਲਾਲ ਦੀਜੈ ॥"**
(ਆਸਾ ਮ: ੫)

ਇਥੇ 'ਤਰੁਣਿ' ਦਾ ਅਰਥ ਇਸਤ੍ਰੀ ਹੈ। The word **'ਤਰੁਣਿ'** here means woman.

"ਤਰਣੁ ਦੁਹੇਲਾ ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ॥"
(ਆਸਾ ਮ: ੫)

ਇਥੇ 'ਤਰਣੁ' ਤੋਂ ਭਾਵ 'ਤਰਣਾ' ਹੈ। ਕਈ ਭੁੱਲ ਕਰਕੇ 'ਤਰਣੁ' ਦਾ ਅਰਥ ਇਸਤ੍ਰੀ ਕਰਦੇ ਹਨ, ਕਿਉਂਕਿ ਇਸ ਤੁਕ ਵਿਚ ਸ਼ਬਦ 'ਖਸਮ' ਆਇਆ ਹੈ।

In the above line the word **'ਤਰਣੁ'** means to swim across. Some misinterpret the word **'ਤਰਣੁ'** as woman because the word **'ਖਸਮ'** appeared in same line which means husband.

'ਤਰੁਣ' ਦਾ ਅਰਥ ਜਵਾਨੀ ਹੈ:

The word **'ਤਰੁਣ'** also means youth age.

"ਤਰੁਣ ਤੇਜੁ ਪਰ ਤ੍ਰਿਅ ਮੁਖ ਜੋਹਹਿ ਸਰੁ ਅਪ ਸਰੁ ਨ ਪਛਾਣਿਆ॥'
(ਸ੍ਰੀ ਰਾਗ ਬੇਣੀ)

ਇਨ੍ਹਾਂ ਤੋਂ ਛੁੱਟ ਕੁਝ ਹੋਰ ਸ਼ਬਦ ਹੇਠਾਂ ਦਿੰਦੇ ਹਾਂ ਜਿਨ੍ਹਾਂ ਦੇ ਅੰਤ ਵਿਚ ਸਿਹਾਰੀ ਇਸਤ੍ਰੀ-ਲਿੰਗ ਵਾਚਕ ਹੈ:-

Other then the words mentioned above, the words written below are also the words made feminine by the sihari on the last consonant.

ਬੇਲਿ ਜਾਂ ਵੇਲਿ, ਦਾਲਿ, ਭਾਲਿ, ਭੀਤਿ, ਕਰਤੂਤਿ, ਦਾਤਿ, ਤਪਤਿ, ਛੋਤਿ, ਮਸੀਤਿ, ਰੁਤਿ, ਹਟਤਾਰਿ (=ਹੜਤਾਲ), ਲਬਧਿ, ਨਦਰਿ, ਖਬਰਿ, ਡੋਰਿ, ਵਾਰਿ ਜਾਂ ਵਾੜਿ (=ਵਾੜੀ) ਛੁਟੜਿ, ਭਸਮੜਿ, ਅਰਦਾਸਿ, ਫੁਰਮਾਇਸਿ, ਸਾਬਾਸਿ, ਰਹਰਾਸਿ, ਰਾਸਿ।

1.3 ਇਸਤ੍ਰੀ ਲਿੰਗ ਨਾਂਵ (Feminine Noun Sihari)

ਕਈ ਵੇਰ ਜਦ ਵਿਸ਼ੇਸ਼ਣੀ ਪਦ ਇਸਤ੍ਰੀ-ਲਿੰਗ ਵਾਲੇ ਨਾਂਵ ਕਰਕੇ ਵਰਤੇ ਜਾਂਦੇ ਹਨ, ਤਾਂ ਭੀ ਅੰਤ ਵਿਚ ਸਿਹਾਰੀ ਆਉਂਦੀ ਹੈ। ਯਥਾ:-

Sometimes sihari on the last consonant is used to define feminine adjective noun, as follows;

ਬੇਪੀਰਿ – "ਸੁਨਿ ਅੰਧਲੀ ਲੋਈ ਬੇਪੀਰਿ॥" (ਗੋਂਡ ਕਬੀਰ)

ਕੁੜਿਆਰਿ – "ਪਿਰ ਕਾ ਹੁਕਮੁ ਨ ਜਾਣਈ, ਭਾਈ, ਵਿਣ ਨਾਵੈ ਕੁੜਿਆਰਿ॥" (ਸੋਰਠਿ ਮ: ੩)

ਸੁੰਦਰਿ, ਸੁਜਾਣਿ, ਚਤੁਰਿ – "ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ॥
ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ ॥" (ਰਾਮਕਲੀ ਮ: ੫)

ਚੰਚਲਿ – "ਚੰਚਲਿ ਸੰਗਿ ਨ ਚਾਲਤੀ, ਸਖੀਏ, ਅੰਤਿ ਤਜਿ ਜਾਵਤ ਮਾਇਆ ॥" (ਬਿਲਾਵਲੁ ਮ: ੫)

ਸੁਘਰਿ, ਨਿਰਗੁਨਿ – "ਨਹ ਚਤੁਰਿ ਸੁਘਰਿ ਸੁਜਾਨਿ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ ॥" (ਬਿਲਾਵਲੁ ਮ: ੫)
ਦੇਖੋ ਇਹੋ ਸ਼ਬਦ ਜਦੋਂ ਪੁਲਿੰਗ ਹੁੰਦੇ ਹਨ, ਤਾਂ ਸਿਹਾਰੀ ਬਿਨਾਂ ਆਉਂਦੇ ਹਨ:-
"ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ ॥" (ਆਸਾ ਮ: ੫)

ਪਰਧਾਨਿ – "ਤੂੰ ਸਤਵੰਤੀ ਤੂੰ ਪਰਧਾਨਿ ॥" (ਆਸਾ ਮ: ੫)

ਕੁਰੂਪਿ ਸਰੂਪਿ – "ਪਹਿਲੀ ਕੁਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ॥
ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ॥" (ਆਸਾ ਕਬੀਰ)

ਸੇਵਕਿ – "ਹਿਰਦੈ ਹਰਿ ਹਰਿ ਨਾਮ ਰਸੁ ਕਵਲਾ ਸੇਵਕਿ ਤਿਸੁ॥" (ਮ: ੩, ਵਾਰ ਬਿਲਾਵਲੁ)
ਜਿਸ ਦੇ ਹਿਰਦੇ ਵਿਚ ਹਰੀ ਦਾ ਨਾਮ-ਰਸ ਹੁੰਦਾ ਹੈ, ਲੱਛਮੀ ਉਸ ਦੀ ਸੇਵਕ ਹੁੰਦੀ ਹੈ।

1.4 ਅਰਬੀ ਭਾਸ਼ਾ ਦੇ ਨਾਂਵ (Arabic Language Feminine Noun Sihari)

ਅਰਬੀ ਤੋਂ ਆਏ ਨਾਂਵ ਜਿਨ੍ਹਾਂ ਦੇ ਅੰਤ ਵਿਚ ਤੇ ਦੀ ਥਾਂ ਤੱਤਾ ਹੋਵੇ ਅਤੇ ਇਸਤ੍ਰੀ-ਲਿੰਗ ਹੋਣ, ਉਨ੍ਹਾਂ ਦੇ ਅੰਤਲੇ ਤੱਤੇ ਨਾਲ ਸਿਹਾਰੀ ਦਿੱਤੀ ਹੁੰਦੀ ਹੈ:-

The feminine words originated from Arabic language appears with a sihari on the last consonant **'ਤ'** as follows;

ਕੁਦਰਤਿ, ਸਿਫਤਿ, ਹਿਕਮਤਿ, ਹੁਜਤਿ, ਮਿਹਰਾਮਤਿ, ਸਰੀਅਤਿ, ਹੁਰਮਤਿ , ਗੈਰਤਿ, ਕਰਮਾਤਿ, ਜਾਂ ਕਰਾਮਾਤਿ, ਸਲਾਮਤਿ, ਕੀਮਤਿ, ਮੁਸਕਤਿ, ਮੁਹਲਤਿ, ਨਉਬਤਿ, ਨੀਅਤਿ, ਹੈਰਤਿ, ਸੂਰਤਿ, ਜਰੂਰਤਿ, ਖਿਜਮਤਿ, ਦਉਲਤਿ, ਮਿੰਨਤਿ, ਖਸਲਤਿ, ਨਿਆਮਤਿ, ਸੁਨਤਿ, ਰਈਅਤਿ, ਮਸੂਰਤਿ, ਮੁਹਬਤਿ, ਤਰੀਕਤਿ, ਮਸਲਤਿ, ਮਾਹੀਤਿ, ਉਮਤਿ।

2.0 ਸੰਖਿਆਵਾਚਕ (Count)

ਸੰਖਿਆਵਾਚਕ ਅਨਿਸਚਿਤ ਪੜਨਾਵਾਂ ਜਾਂ ਵਿਸ਼ੇਸ਼ਣਾਂ (Indefinite Pronouns or Adjectives) **ਦੀ ਬਹੁ ਵਾਚਕ ਸੰਖਿਆ ਦੇ ਪ੍ਰਗਟ ਕਰਨ ਲਈ ਭੀ ਸਿਹਾਰੀ ਵਰਤੀ ਗਈ ਹੈ:-**

Sihari is also used to highlight the count indefinate pronouns or adjectives

ਇਕਿ: – **ਜਦੋਂ 'ਇਕ' ਬਹੁਵਚਨ ਨਹੀ ਹੁੰਦਾ ਤਾਂ ਇਹਦੇ ਅੰਤ ਵਿਚ ਸਿਹਾਰੀ ਨਹੀ ਹੁੰਦੀ:**
When **'ਇਕ'** is singular then it appears without sihari.
"ਅਸਲੁ ਇਕੁ ਧਾਤੁ॥" **(ਜਪੁ ਜੀ)**

ਪਰ ਜਦੋਂ ਇਹ ਬਹੁਵਚਨ ਅਨਿਸਚਿਤ ਪੜਨਾਂਵ ਜਾਂ ਵਿਸ਼ੇਸ਼ਣ ਹੋਵੇ ਤਾਂ ਇਹਦੇ ਅੰਤ ਵਿਚ ਸਿਹਾਰੀ ਜਰੂਰ ਹੋਵੇਗੀ:

But when the count word is indefinite pronoun or adjective then it appears with a sihari.
"ਇਕਿ ਘਰਿ ਆਵਹਿ ਆਪਣੈ, ਇਕਿ ਮਿਲਿ ਮਿਲਿ ਪੁਛਹਿ ਸੁਖ॥" (ਆਸਾ ਮ: ੧)
"ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥" (ਆਸਾ ਮ: ੪)

ਇਸ ਨੇਮ ਨੂੰ ਮੁੱਖ ਰੱਖ ਕੇ ਵੇਖੋ ਕਿ
"ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ॥" (ਸੂਹੀ ਫਰੀਦ)
ਜੋ ਆਮ ਤੌਰ ਪਰ ਅਰਥ ਕੀਤੇ ਜਾਂਦੇ ਹਨ, ਉਹ ਕਿਥੇ ਤੱਕ ਠੀਕ ਹਨ। ਕਈ ਗਿਆਨੀ ਇਸ ਦਾ ਇਉਂ ਅਰਥ ਕਰਦੇ ਹਨ: ਇਕਨਾ ਨੇ ਆਪ ਪਤ ਲੈ ਲਈ, ਮਾਲਕ ਦੇ ਬਚਨ ਮੰਨ ਕੇ। ਇਸ ਵਿਚ ਕਈ ਨੇਮ ਭੰਗ ਹੁੰਦੇ ਹਨ। ਜੇ 'ਇਕ' ਦਾ ਅਰਥ ਇਕਨਾ ਨੇ ਹੁੰਦਾ ਤਾਂ ਇਹਦੇ ਅੰਤਲੇ ਕੱਕੇ ਨਾਲ ਸਿਹਾਰੀ ਹੁੰਦੀ। ਫਿਰ 'ਪਤਿ' ਜਿਸ ਦਾ ਅਰਥ 'ਇਜੱਤ' ਹੈ ਸਿਹਾਰੀ ਨਾਲ ਆਉਂਦਾ।

Normally the above shabad is translated, 'some has earn their respect by obeying the Master's instruction'. If the word **'ਇਕ'** is intepreted as 'some' then there should have been a sihari on **'ਕ'** as the word **'ਪਤਿ'** with sihari means 'honour'.

ਦੇਖੋ ਨੇਮ ੧.੧ ਜੋ ਉਪਰ 'ਲੀ' ਜਿਸ ਦਾ ਅਰਥ ਲਈ ਹੈ, ਉਰਦੂ ਪਦ ਹੈ, ਜੋ ਬਾਬਾ ਫਰੀਦ ਜੀ ਕਦੀ ਨਹੀ ਵਰਤ ਸਕਦੇ। ਇਸ ਤੋ ਪਤਾ ਲੱਗਾ ਕਿ ਤੁਕ ਦੇ ਅਰਥ ਠੀਕ ਨਹੀ ਹਨ। ਫਿਰ ਅਰਥ ਠੀਕ ਕਿਹੜੇ ਹੋਏ?

Refer to item 1.1 where the **'ਲੀ'** is used to define the meaning of this Urdu word '**ਪਤਲੀ**' which literally means skinny. Bhagat Fareed Ji would never have used this word (instead of '**ਪਤ-ਲੀ**', '**ਪਤ**'means respect and '**ਲੀ**'means to take or to earn)

ਪੁਰਾਣੀ ਵਲਾਇਤ ਵਾਲੀ ਸਾਖੀ ਵਿਚ ਇਸ ਤੁਕ ਨੂੰ ਵਿਗਾੜ ਕੇ ਇਉ ਲਿਖਿਆ ਹੈ: "ਇਕ ਆਪਿ ਧਨ ਪਤਲੀ ਬਿਆ ਸਹ ਕੇ ਬੋਲਾ॥" ਇਸ ਤੋ ਪਤਾ ਲਗਦਾ ਹੈ ਕਿ ਸਾਖੀ ਲਿਖਣ ਵੇਲੇ ਇਸ ਤੁਕ ਦਾ ਕੀ ਅਰਥ ਸਮਝਿਆ ਗਿਆ। ਇਸ ਦੀ ਸਹਾਇਤਾ ਨਾਲ ਠੀਕ ਅਰਥ ਇਉ ਜਾਪਦੇ ਹਨ ਕਿ: 'ਇੱਕ ਤਾਂ (ਇਸਤ੍ਰੀ ਰੂਪ) ਮਨੁੱਖ ਆਪ ਕਮਜ਼ੋਰ ਹੈ, ਉਤੋਂ ਮਾਲਕ ਦੇ ਕਰੜੇ-ਕਰੜੇ ਹੁਕਮ ਚੜਦੇ ਹਨ। ਭਾਵ ਇਹ ਕਿ ਇੱਕ ਤਾਂ ਮਨੁੱਖ ਦੀ ਜਾਤ ਹੀ ਨਿਤਾਣੀ ਤੇ ਨਿਰਬਲ ਹੈ, ਉਤੋਂ ਇਹੋ ਜਿਹੇ ਸਖਤ ਹੁਕਮ ਚੜੇ ਹੋਏ ਹਨ ਕਿ,

Based on an old scripture (Walaiet Wali Sakhi) the same shabad is written differently (compare to Gurbani) which could have been based on the meaning which is 'Firstly the human (form of female) is weak and the command by the Master is very tough'.

"ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥" (ਆਸਾ, ਫਰੀਦ)

"ਨਰ ਅਚੇਤ ਪਾਪ ਤੇ ਡਰੁ ਰੇ॥" (ਗਉੜੀ ਮ: ੯)
"ਪਰ ਨਾਰੀ ਕੀ ਸੇਜ ਭੂਲਿ ਸੁਪਨੈ ਹੂੰ ਨ ਜੈਯਹੁ॥" (ਦਸਮ ਗ੍ਰੰਥ)

ਹਿਕਿ: – "ਬਨਿ ਭੀਆਵਲੈ ਹਿਕੁ ਸਾਥੀ ਲਧਮੁ॥" (ਮ: ੫,ਵਾਰ ਗੂਜਰੀ)
ਇਥੇ 'ਹਿਕੁ' ਇਕ-ਵਚਨ ਹੈ।
"ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ, ਨਿਤ ਕਰਦੇ ਭੋਗ ਬਿਲਾਸਾ॥" (ਜੈਤਸਰੀ ਮ:੫)
ਇਥੇ 'ਹਿਕਿ' ਬਹੁ-ਵਚਨ ਕਰਕੇ ਸਿਹਾਰੀ ਨਾਲ ਆਇਆ ਹੈ।

ਏਕਿ: – "ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ॥" (ਰਾਮਕਲੀ ਮ:੫)

ਹੋਰਿ: – 'ਹੋਰ' ਜਦ ਇਕ ਵਚਨ ਹੁੰਦਾ ਹੈ ਤਾਂ ਇਹਦਾ ਰਾਰਾ ਮੁਕਤਾ ਜਾਂ ਔਂਕੜ ਵਾਲਾ ਹੁੰਦਾ ਹੈ। ਜਿਵੇਂ:
When the word 'ਹੋਰ' appears as singular there is no syllable or with an aungkar on 'ਰ' as follows;
"ਧਰਤੀ ਹੋਰੁ ਪਰੈ ਹੋਰੁ ਹੋਰੁ॥" (ਜਪੁ ਜੀ)
"ਕਰਮਿ ਮਿਲੈ ਤਾ ਪਾਈਐ-ਹੋਰੁ ਹਿਕਮਤਿ ਹੁਕਮੁ ਖੁਆਰੁ॥" (ਆਸਾ ਦੀ ਵਾਰ)
"ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥" (ਜਪੁ ਜੀ)
ਪਰ ਜਦੋਂ ਇਹੋ ਸ਼ਬਦ ਬਹੁ-ਵਚਨ ਹੋ ਕੇ ਆਉਂਦਾ ਹੈ ਤਾਂ ਇਹਦੇ ਰਾਰੇ ਨਾਲ ਸਿਹਾਰੀ ਹੁੰਦੀ ਹੈ।
When the word 'ਹੋਰ' appears as plural then there is a sihari on 'ਰ' as follows;
"ਏਤੇ ਕੀਤੇ ਹੋਰਿ ਕਰੇਹਿ॥" (ਜਪੁ ਜੀ)
"ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ॥" (ਜਪੁ ਜੀ)
"ਨਾਨਕ ਨਿਰਭਉ ਨਿਰੰਕਾਰੁ, ਹੋਰਿ ਕੇਤੇ ਰਾਮ ਰਵਾਲ॥" (ਆਸਾ ਦੀ ਵਾਰ)
"ਹਉ ਢਾਢੀ ਕਾ ਨੀਚ ਜਾਤਿ, ਹੋਰਿ ਉਤਮ ਜਾਤਿ ਸਦਾਇਦੇ॥" (ਆਸਾ ਦੀ ਵਾਰ)

ਅਵਰਿ: – "ਕਹੈ ਪ੍ਰਭੁ ਅਵਰੁ, ਅਵਰੁ ਕਿਛੁ ਕੀਜੈ॥" (ਬਿਲਾਵਲ ਮ: ੪)
ਇਥੇ 'ਅਵਰ' ਇਕ-ਵਚਨ ਹੈ।

"ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ॥"
(ਬਿਲਾਵਲੁ ਮ: ੫)

"ਜਪੁ ਤਪੁ ਸਭੁ ਕਿਛੁ ਮੰਨਿਐ, ਅਵਰਿ ਕਾਰਾ ਸਭਿ ਬਾਦਿ॥"
(ਮ: ੨, ਵਾਰ ਰਾਮਕਲੀ ਮ: ੩)

ਇਨ੍ਹਾਂ ਦੋਹਾਂ ਤੁਕਾਂ ਵਿਚ 'ਅਵਰਿ' ਬਹੁ-ਵਚਨ ਹੋਣ ਕਰਕੇ ਸਿਹਾਰੀ ਨਾਲ ਆਇਆ ਹੈ।

When the word **'ਅਵਰਿ'** appeared as plural therefore there is a sihari **'ਰ'**;

ਗੁਰਬਾਣੀ ਵਿਆਕਰਣ

Gurbani Viakaran

MODULE 6

Content

32.0 ਨਿਸਚੇ-ਵਾਚਕ (Demonstrative)

33.0 ਭੂਤਕਾਲ (Past)

34.0 ਸਿਹਾਰੀ ਨੂੰ ਦੀਰਘ ਮਾਤ੍ਰ ਵਾਸਤੇ (Sihari for Greater Matr)

35.0 ਬਿਹਾਰੀ (Bihari)
- 35.1 ਬਹੁਬਚਨ (Plural)
- 35.2 ਕਿਰਿਆ ਵਾਚਕ (Deed)
- 35.3 ਸਿਹਾਰੀ ਦੀ ਥਾਂ (In Replacement of Sihari)

36.0 ਔਂਕੜ (Aungkar)

37.0 ਅਨੁਮਤਯਾਰਥ ਲਕਾਰ (Imperative Mood)

38.0 ਮੂਲਿਕ ਔਂਕੜ (Original Auangkar)

1.0 ਨਿਸਚੇ-ਵਾਚਕ (Demonstrative)

ਨਿਸਚੇ-ਵਾਚਕ ਪੜਨਾਂਵ ਜਾਂ ਵਿਸ਼ੇਸ਼ਣ (Demonstrative Pronouns or Adjectives) **ਇਹੁ, ਏਹੁ, ਓਹੁ, ਜਦ ਪੁਲਿੰਗ ਇਕ-ਵਚਨ ਹੋਣ ਤਾਂ ਇਹਨਾਂ ਦੇ ਅੰਤਲੇ 'ਹ' ਤਲੇ ਔਂਕੜ ਹੁੰਦਾ ਹੈ, ਜਾਂ ਜਦ ਇਸਤ੍ਰੀ-ਲਿੰਗ ਹੋਣ ਤਾਂ ਅੰਤਲੇ 'ਹ' ਨਾਲ ਸਿਹਾਰੀ ਲਗਦੀ ਹੈ:-**

When the demonstrative pronoun or adjectives (this, that, etc.) appears as singular masculine word then the last consonant **'ਹ'** comes with an aungkar and when it appears as feminine then the last consonant **'ਹ'** comes with sihari as follows;

ਏਹਿ – **"ਸਹਸਾ ਇਹੁ ਸੰਸਾਰੁ ਹੈ॥" (ਵਾਰ ਮਾਝ ਮ: ੧)**
"ਏਹੁ ਜਗਤੁ ਮਿਟੀ ਕਾ ਪੁਤਲਾ॥" (ਰਾਮਕਲੀ ਮ: ੩)
ਇਥੇ 'ਇਹੁ' ਤੇ 'ਏਹੁ' ਇਕ-ਵਚਨ ਹਨ।
"ਪ੍ਰਭ ਮਿਲਣੈ ਕੀ ਏਹ ਨੀਸਾਣੀ॥" (ਮਾਝ ਮ: ੫)
ਇਥੇ 'ਏਹ' ਇਸਤ੍ਰੀ-ਲਿੰਗ ਇਕ-ਵਚਨ ਹੈ।ਪਰ
"ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥" (ਜਪੁ)
ਵਿਚ 'ਏਹਿ' ਬਹੁ-ਵਚਨ ਹੋਣ ਕਰਕੇ ਉਤਲੇ 'ਹ' ਨਾਲ ਸਿਹਾਰੀ ਆਈ ਹੈ।
The word **'ਏਹਿ'** appeared with sihari although it is masculine. The sihari denotes the word to be plural.

ਓਹਿ, ਓਇ – **"ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥" (ਸੁਖਮਨੀ)**
ਇਥੇ 'ਓਹੁ' ਇਕ-ਵਚਨ ਹੈ। The word **'ਓਹੁ'** is a singular.
"ਤੂ ਓਨਾ ਕਾ ਤੇਰੇ ਓਹਿ॥" (ਸ੍ਰੀ ਰਾਗੁ ਮ: ੧)
"ਨਾ ਓਹਿ ਮਰਹਿ ਨ ਠਾਗੇ ਜਾਹਿ॥" (ਜਪੁ)
ਇਨ੍ਹਾਂ ਦੋਹਾਂ ਤੁਕਾਂ ਵਿਚ 'ਓਹਿ' ਬਹੁ-ਵਚਨ ਹੈ। ਕਈ ਵੇਰ 'ਓਹਿ' ਦੀ ਥਾਂ 'ਓਇ' ਆਉਂਦਾ ਹੈ। The word **'ਓਹਿ'** in both lines above is plural and sometimes **'ਓਇ'** is used instead of **'ਓਹਿ'**.
"ਓਇ ਮਨੁੱਖ ਮੂੜ ਅਗਿਆਨੀ ਕਹੀਅਹਿ॥" (ਟੋਡੀ ਮ: ੪)

2.0 ਭੂਤਕਾਲ (Past)

ਜਦ ਕਿਸੇ ਵਾਕ ਵਿਚ ਕਿਰਿਆ ਭੂਤਕਾਲ ਵਿਚ ਹੋਵੇ, ਤਾਂ ਉਸ ਦੇ ਕਰਤਾ ਉੱਤੇ ਜੋਰ ਦੇਣ ਲਈ ਕਰਤਾ ਦੇ ਅੰਤਲੇ ਅੱਖਰ ਨਾਲ ਸਿਹਾਰੀ ਵਰਤੀ ਹੁੰਦੀ ਹੈ। ਇਹੋ ਸਿਹਾਰੀ ਕੇ ਤੇ ਲੰਮੀ ਹੋ ਕੇ ਲਾਂ ਬਣ ਜਾਂਦੀ ਹੈ। ਜਿਸ ਦਾ ਜ਼ਿਕਰ ਲਾਂ ਦੇ ਨੇਮ ਹੇਠ ਕਰਾਂਗੇ।

Whenever there is sentence refering to the past the last consonant of the particular word is stressed by the use of a sihari. The same sihari prolongs the pronunciation of the word e.g. **'ਕਿ'** sounds like **'ਕੇ'** and **'ਤਿ'** sounds like **'ਕੇ'.**

"ਨਾਮਾ ਸੁਲਤਾਨੇ ਬਾਧਿਲਾ॥" (ਭੈਰਉ ਨਾਮਦੇਵ)
ਵਿਚ 'ਸੁਲਤਾਨੇ' ਬਰਾਬਰ ਹੈ 'ਸੁਲਤਾਨਿ ਦੇ' ਜਿਹਦੇ ਅਰਥ ਹਨ 'ਸੁਲਤਾਨ ਨੇ'।
The word **'ਸੁਲਤਾਨੇ'** is a short for of **'ਸੁਲਤਾਨਿ ਦੇ'** which means **'ਸੁਲਤਾਨ ਨੇ'**.

"ਠਾਢਿ ਪਾਈ ਕਰਤਾਰੇ॥" (ਸੋਰਠਿ ਮ: ੫)
ਵਿਚ 'ਕਰਤਾਰੇ' ਬਰਾਬਰ ਹੈ 'ਕਰਤਾਰਿ' ਦੇ ਜਿਹਦੇ ਅਰਥ ਹਨ 'ਕਰਤਾਰ ਨੇ'। ਅਜੇ ਤੱਕ ਲਹਿੰਦੇ ਪੋਠੋਹਾਰ ਓਤੇ ਉਸਮਾਨ-ਖਟੜ ਵਲ ਲੋਕੀ ਕਹਿੰਦੇ ਹਨ: ਕਿਸ਼ਨੇ ਮੈਨੂੰ ਮਾਰਿਆ। ਈਸ਼ਰ ਚੰਦੇ ਆਖਿਆ। ਜੇ ਜ਼ੋਰ ਨਾ ਦੇਣਾ ਚਾਹੁਣ ਤਾਂ ਉਹੋ ਲੋਕ ਆਖਣਗੇ: ਕਿਸ਼ਨ ਮੈਨੂੰ ਮਾਰਿਆ।
The word **'ਕਰਤਾਰੇ'** is a short for of **'ਕਰਤਾਰਿ ਦੇ'** which means **'ਕਰਤਾਰ ਨੇ'**.

ਗੁਰਿ – **"ਗੁਰਿ ਹਾਥੁ ਧਰਿਓ ਮੇਰੈ ਮਾਥਾ ॥" (ਜੈਤਸਰੀ ਮ: ੪)**
ਅਰਥਾਤ, ਮੇਰੇ ਮੱਥੇ ਤੇ ਹੱਥ ਗੁਰੂ ਨੇ ਧਰਿਆ। Meaning: The Guru has placed His hand on my forehead.
"ਸੋ ਘਰੁ ਗੁਰਿ ਨਾਨਕ ਕਉ ਦੀਆ ॥" (ਗਉੜੀ ਮ: ੫)
ਗੁਰੂ ਨੇ ਨਾਨਕ ਨੂੰ ਦਿੱਤਾ। Meaning: Guru has given to Nanak

ਪਰਮੇਸੁਰਿ – **"ਹਾਥ ਦੇਇ ਰਾਖੇ ਪਰਮੇਸੁਰਿ ਸਗਲਾ ਦੁਰਤੁ ਮਿਟਾਇਆ ॥" (ਗੂਜਰੀ ਮ: ੫)**

ਪ੍ਰਭਿ – "ਸਰਬ ਕਲਿਆਣ ਪ੍ਰਭਿ ਕੀਨੇ॥" (ਸੋਰਠਿ ਮ: ੫)
ਹਰ ਤਰਾਂ ਦੀ ਸੁਖ–ਸਾਂਦ ਪ੍ਰਭੂ ਨੇ ਕੀਤੀ।

ਪੁਰਖਿ – "ਕਰਤੈ ਪੁਰਖਿ ਤਾਲੁ ਦਿਵਾਇਆ॥" (ਸੋਰਠਿ ਮ: ੫)
ਤਲਾਅ ਕਰਤੇ–ਪੁਰਖ ਨੇ ਦਿਵਾਇਆ।

ਗੁਰਿ ਅਮਰਦਾਸਿ – "ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ...॥" (ਕੀਰਤ, ਸਵੱਯੇ ਮ: ੪)
ਗੁਰੂ ਅਮਰਦਾਸ ਨੇ ਕਰਤਾਰ ਨੂੰ ਵਸ ਕੀਤਾ।

ਸਤਿਗੁਰਿ – "ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ॥"
(ਸਿਰੀ ਰਾਗ ਮ: ੧)
ਜਿਨ੍ਹਾਂ ਨੂੰ ਤਾਂ ਸਤਿਗੁਰੂ ਨੇ ਅਸਥਾਪਨ ਕੀਤਾ ਹੋਵੇ, ਉਨ੍ਹਾਂ ਨੂੰ ਕੋਈ ਮੇਟ ਨਹੀ ਸਕਦਾ।

ਬਾਪਿ – "ਬਾਪਿ ਦਿਲਾਸਾ ਮੇਰੋ ਕੀਨਾ॥ ਸੇਜ ਸੁਖਾਲੀ ਮੁਖਿ ਅੰਮ੍ਰਿਤੁ ਦੀਨਾ॥
ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ॥" (ਆਸਾ ਕਬੀਰ)
ਪਹਿਲੀ ਤੁਕ ਵਿਚ 'ਬਾਪਿ' ਕਰਤਾ ਹੈ ਅਤੇ ਤੀਜੀ ਵਿਚ ਕਰਮ।

ਪਿਰਿ – "ਪਿਰਿ ਛਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ॥" (ਤੁਖਾਰੀ ਮ: ੧)
ਮੂਰਖਿ – "ਮੂਰਖਿ ਅੰਧੈ ਪਤਿ ਗਵਾਈ॥" (ਆਸਾ ਦੀ ਵਾਰ)
ਅੰਨ੍ਹੇ ਮੂਰਖ ਨੇ ਪਤ ਗਵਾ ਲਈ।

ਜਿਨਿ – "ਜਿਨਿ ਹਰਿ ਪਾਇਓ ਤਿਨਹਿ ਛਪਾਇਓ॥" (ਟੋਡੀ ਨਾਮਦੇਵ)
ਜਿਸ ਕਿਸੇ ਨੇ ਹਰੀ ਨੂੰ ਪਾਇਆ, ਉਸ ਨੇ ਇਸ ਗੱਲ ਨੂੰ ਛੁਪਾ ਕੇ ਰੱਖਿਆ ਹੈ।

"ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ॥" (ਸੁਖਮਨੀ)
"ਧਨੁ ਧਨੁ ਸਤਿਗੁਰੁ ਜਿਨਿ ਨਾਮੁ ਦ੍ਰਿੜਾਇਆ॥" (ਜੈਤਸਰੀ ਮ: ੪)
ਇਨ੍ਹਾਂ ਮਿਸਾਲਾਂ ਵਿਚ 'ਜਿਨਿ' ਕਰਤਾ ਹੈ। ਜਿਥੇ ਇਹ ਕਰਤਾ ਨਹੀ ਹੁੰਦਾ, ਉਥੇ ਇਹਦੇ ਅੰਤ ਵਿਚ ਸਿਹਾਰੀ ਨਹੀ ਹੁੰਦੀ।ਯਥਾ:

In the above Gurbani lines, the word **'ਜਿਨਿ'** means Creator (Almighty), whenever it appears with a different meaning (e.g. who, whoever. etc.) the consonant **'ਨ'** comes empty without sihari as follows;

"ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ ਤਿਨ ਧੁਰਿ ਭਾਗ ਪੁਰਾਨਾ॥
ਤਿਨ ਹਮ ਚਰਣ ਸਰੇਵਹ ਖਿਨੁ ਖਿਨੁ ਜਿਨ ਹਰਿ ਮੀਠ ਲਗਾਨਾ॥"
(ਜੈਤਸਰੀ ਮ: ੪)

ਤਿਨਿ – **"ਜਿਸਕਾ ਸਾ ਤਿਨਿ ਲੀਆ ਮਿਲਾਇ॥" (ਸੁਖਮਨੀ)**
ਜਿਥੇ 'ਤਿਨਿ' ਕਰਤਾ ਨਹੀ ਹੁੰਦਾ ਉਥੇ ਇਹਦੇ ਨੰਨੇ ਨਾਲ ਸਿਹਾਰੀ ਨਹੀ ਹੁੰਦੀ।
In the above Gurbani lines, the word **'ਤਿਨਿ'** means Creator (Almighty), whenever it appears with a different meaning (e.g. he, she, etc.) the consonant **'ਨ'** comes empty without sihari as follows;

"ਕਈ ਕੋਟਿ ਪਾਰਬ੍ਰਹਮ ਕੇ ਦਾਸ॥ ਤਿਨ ਹੋਵਤ ਆਤਮ ਪਰਗਾਸ॥"(ਸੁਖਮਨੀ)
"ਪੜਹਿ ਗੁਣਹਿ ਤਿਨ ਚਾਰ ਵੀਚਾਰ॥" (ਆਸਾ ਦੀ ਵਾਰ)
ਅਰਥਾਤ ਜੋ ਉਨ੍ਹਾਂ (ਵੇਦਾਂ) ਨੂੰ ਪੜਦੇ-ਗੁਣਦੇ ਹਨ, ਤਿਨ੍ਹਾਂ ਲੋਕਾਂ ਨੂੰ ਕਰਮਾ ਦੀ ਵਿਚਾਰ ਪ੍ਰਾਪਤ ਹੁੰਦੀ ਹੈ, ਕਿ ਅਮਕਾ ਕਰਮ ਸ਼ੁਭ ਹੈ ਤੇ ਅਮਕਾ ਅਸ਼ੁਭ।
Meaning: Those who reads and contemplates of scriptures possess the knowledge of good and evil deeds.
ਜਿਸ 'ਤਿਨਿ' ਦੇ ਅਰਥ 'ਤ੍ਰੈ' ਹਨ, ਉਹਦੇ ਨੰਨੇ ਨਾਲ ਸਦਾ ਸਿਹਾਰੀ ਹੁੰਦੀ ਹੈ:
Whenever, the word **'ਤਿਨਿ'** appears to denote number three (3), the consonant **'ਨ'** comes with sihari as well.
"ਤਿਨਿ ਚੇਲੇ ਪਰਵਾਣੁ॥" (ਜਪੁ ਜੀ)
"ਥਾਲ ਵਿਚਿ ਤਿੰਨਿ ਵਸਤੂ ਪਈਓ॥" (ਮੁੰਦਾਵਣੀ ਮ:੫)

ਆਪਿ – **"ਜਿਨ ਕਉ ਆਪਿ ਦੇਇ ਵਡਿਆਈ,**
ਜਗਤੁ ਭੀ ਆਪੇ ਆਣਿ ਤਿਨ੍ ਕਉ ਪੈਰੀ ਪਾਇ॥" (ਮ: ੪ ਵਾਰ ਗਉੜੀ)

"ਆਪਿ ਲੀਏ ਲੜਿ ਲਾਇ॥" (ਆਸਾ ਫਰੀਦ)

ਇਨ੍ਹਾਂ ਮਿਸਾਲਾਂ ਵਿਚ 'ਆਪਿ' ਕਰਤਾ ਹੈ। ਜਿਥੇ ਇਹ ਕਰਤਾ ਨਹੀ ਹੁੰਦਾ, ਉਥੇ ਇਹਦੇ ਅੰਤ ਵਿਚ ਸਿਹਾਰੀ ਨਹੀ ਹੁੰਦੀ।
Whenever the word '**ਆਪਿ**' appears as Creator (Almighty) the consonant '**ਪ**' comes with sihari.

"ਆਪਿ ਜਪਹੁ ਅਵਰਾ ਨਾਮੁ ਜਪਾਵਹੁ॥" (ਸੁਖਮਨੀ)
ਉਪਰਲੀ ਪੰਗਤੀ ਵਿਚ 'ਆਪਿ' ਸ਼ਬਦ ਜਿਵ ਨੂੰ ਦਰਸਉਂਦਾ ਹੈ, ਸਿਹਾਰੀ ਜੋ 'ਪ' ਅਖਰ ਨਾਲ ਲਗੀ ਹੈ ਜਿਵ ਈਸ਼ਵਰ ਦੇ ਅਭੇਦਤਾ ਦਰਸਉਂਦੀ ਹੈ।
The word **'ਆਪਿ'** in the above Shabad means the being although the consonant **'ਪ'** comes with sihari (which was read earlier to be Almighty). This sihari is denoting the ultimate fact that being and creator is the same therefore the use of sihari delivers the message precisely.

"ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ॥" (ਆਸਾ ਦੀ ਵਾਰ)
ਅਰਥਾਤ, ਮਨੁੱਖ ਨੂੰ ਜਿਸ ਹਾਲਤ ਜਾਂ ਪਦਵੀ ਵਿਚ ਤੈਨੇ ਆਪਣਾ ਆਪ ਦਸਿਆ ਹੈ, ਉਸੇ ਹਾਲਤ ਵਿਚ ਉਸ ਨੇ ਗੁਰੂ ਦੀ ਕਿਰਪਾ ਨਾਲ ਤੈਨੂੰ ਜਾਣ ਲਿਆ ਹੈ।

"ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪ ਰਖਿਆ॥" (ਰਾਮਕਲੀ ਸੱਦ)
ਸਾਰੇ ਪੈਰੀ ਪਏ ਸਤਿਗੁਰੂ (ਰਾਮਦਾਸ ਜੀ) ਦੇ, ਜਿਨ੍ਹਾਂ ਵਿਚ ਗੁਰੂ (ਅਮਰਦਾਸ ਜੀ) ਨੇ ਆਪਣਾ ਆਪ ਰੱਖਿਆ।

"ਸਤਿਗੁਰਿ ਮਿਲਿਐ ਸਚੁ ਪਾਇਆ, ਜਿਨੀ ਵਿਚਹੁ ਆਪੁ ਗਵਾਇਆ॥"
(ਆਸਾ ਦੀ ਵਾਰ)
ਮਨੁੱਖ ਨੇ ਉਸ ਸਤਿਗੁਰੂ ਦੇ ਮਿਲਣ ਤੋਂ ਸੱਚ ਪਾਇਆ, ਜਿਸ ਨੇ ਉਹਦੇ ਵਿਚੋਂ ਹਉਮੈ ਕੱਢੀ।

"ਨਾਨਕ ਵਡਾ ਆਖੀਐ, ਆਪੇ ਜਾਣੈ ਆਪੁ॥" (ਜਪੁ ਜੀ)

ਨਾਨਕ, ਉਹ ਆਪਣੇ ਆਪ ਨੂੰ ਆਪੇ ਜਾਣਦਾ ਹੈ, ਸਾਨੂੰ ਤਾਂ ਚਾਹੀਦਾ ਹੈ ਕਿ ਵੱਡਾ ਹੀ ਆਖੀਏ।

"ਜਬ ਆਪਨ ਆਪੁ ਆਪਿ ਉਰਿ ਧਾਰੈ॥" (ਸੁਖਮਨੀ)
ਇਸ ਤੁਕ ਵਿਚ 'ਆਪਿ' ਕਰਤਾ ਹੈ ਤੇ 'ਆਪੁ' ਕਰਮ ਹੈ।

The word '**ਆਪਿ**' means Creator (Almighty) and '**ਆਪੁ**' means Himself therefore the meaning of the line is 'When He (**ਆਪਿ**) Himself (**ਆਪੁ**) dwells within His Own (**ਆਪਨ**) heart'.

"ਆਪੀਨੈ੍ ਆਪੁ ਸਾਜਿਓ, ਆਪੀਨੈ੍ ਰਚਿਓ ਨਾਉ॥" (ਆਸਾ ਦੀ ਵਾਰ)
ਇਸ ਤੁਕ ਦੇ ਆਮ ਤੌਰ ਅਰਥ ਠੀਕ ਨਹੀ ਕੀਤੇ ਜਾਂਦੇ। ਲੋਕ ਇਹ ਅਰਥ ਕਰਦੇ ਹਨ ਕਿ ਵਾਹਿਗੁਰੂ ਨੇ ਸ੍ਰਿਸਟੀ ਆਪਣੇ ਆਪ ਰਚੀ ਅਤੇ ਆਪੇ ਹੀ ਜੀਵਾਂ ਦੇ ਨਾਉਂ ਰਚੇ। ਇਸ ਤੋਂ ਉਪਰੰਤ ਹੋਰ ਕਿਹੜੀ ਚੀਜ ਬਣਾਨ ਗੋਚਰੇ ਰਹਿ ਗਈ ਸੀ, ਜਿਹਦੇ ਲਈ,

The above Asa Dhi Vaar Shabad is usually misinterpreted as 'Almighty created the entire world Himself and He Himself created the names for being'.

"ਦੁਯੀ ਕੁਦਰਤਿ ਸਾਜੀਐ" ਕਹਿਣਾ ਪਿਆ? ਇਹ ਅਰਥ ਠੀਕ ਨਹੀ। ਇਥੇ 'ਆਪੁ' ਕਰਮ ਹੈ, ਜਿਸ ਦੇ ਅਰਥ ਹਨ 'ਆਪਣੇ ਆਪ ਨੂੰ'। ਭਾਈ ਗੁਰਦਾਸ ਜੀ ਭੀ ਕਹਿੰਦੇ ਹਨ:

The word .. refers to a deed which means 'He to Himself'. Bhai Gurdas Ji writes as follows;
'ਆਪੇ ਆਪੁ ਉਪਾਇ ਕੈ ਆਪੇ ਆਪਣਾ ਨਾਉ ਧਰਾਇਆ। (ਵਾਰ ੧੮੭)

ਵਾਹਿਗੁਰੂ ਨੂੰ ਦੋਹਾਂ ਰੂਪਾਂ ਵਿਚ ਕਥਨ ਕੀਤਾ ਗਿਆ ਹੈ, ਇਕ ਤਾਂ ਆਪਣੇ ਸੰਬੰਧ ਵਿਚ ਆਪ, ਜਿਸ ਨੂੰ ਨਿਰਗੁਣ ਭੀ ਕਿਹਾ ਗਿਆ ਹੈ, ਅਤੇ ਦੂਜਾ ਸ੍ਰਿਸਟੀ ਦੇ ਸੰਬੰਧ ਵਿਚ, ਜਿਸ ਨੂੰ ਸਰਗੁਣ ਜਾਂ 'ਨਾਮ ਰੂਪ' ਕਰਕੇ ਸੱਦਿਆ ਗਿਆ ਹੈ। ਜਦ ਸ੍ਰਿਸਟੀ ਨਹੀ ਸੀ ਬਣੀ ਤਾਂ ਵਾਹਿਗੁਰੂ ਨਿਰਗੁਣ ਰੂਪ ਵਿਚ ਸੀ, ਅਤੇ ਜਦ ਉਸ ਨੇ ਰਚਨਾ ਕਰ ਕੇ ਆਪਣਾ ਪ੍ਰਕਾਸ਼ ਕੀਤਾ ਤਾਂ ਸਰਗੁਣ ਰੂਪ ਹੋ ਕੇ ਵਰਤਣ ਲੱਗਾ।

ਇਨ੍ਹਾਂ ਦੋਹਾਂ ਰੂਪਾਂ ਦਾ ਵਿਸਥਾਰ ਸੁਖਮਨੀ ਸਾਹਿਬ ਦੀ ਇਕੀਹਵੀਂ ਅਸਟਪਦੀ ਵਿਚ ਖੁੱਲੇ ਤੌਰ ਤੇ ਕੀਤਾ ਹੋਇਆ ਹੈ। ਬਾਵਨ ਅੱਖਰੀ ਦੀ ਪਹਿਲੀ ਪਉੜੀ ਵਿਚ ਭੀ ਹੈ। ਗੁਰੂ ਜੀ ਉਪਰਲੀ ਤੁਕ ਵਿਚ ਦਸਦੇ ਹਨ ਕਿ ਵਾਹਿਗੁਰੂ ਨਿਰਗੁਣ ਅਤੇ ਸਰਗੁਣ ਦੋਹਾਂ ਰੂਪਾਂ ਆਪਣੇ ਆਪ ਤੋਂ ਹੈ। ਕਿਸੇ ਹੋਰ ਨੇ ਨਹੀ ਬਣਾਇਆ। ਇਹੋ ਭਾਵ ਕਈ ਹੋਰ ਵਾਰਾਂ ਦੇ ਅਰੰਭ ਵਿਚ ਦਿੱਤਾ ਹੋਇਆ ਹੈ। ਯਥਾ:

Meaning: Almighty is described in His two forms; one which is formless (Nirgun) and the second one is related to creation which is in form (Sargun). When the creation was created, Almighty was in His formless form and during the manifestation of the creation He Himself created and immerse into the entire creation which is elobrated in detail in Pauri 21 of Sri Sukhmani Sahib and the first pauri of Bavan Akhri. Therefore, **"ਆਪੀਨੈ੍ ਆਪੁ ਸਾਜਿਓ, ਆਪੀਨੈ੍ ਰਚਿਓ ਨਾਉ॥"** means that Almighty He Himself who prevail in both forms (Nirgun & Sargun) no other has created Him. The similar concept is repeated in the following lines in Gurbani;

"ਆਪਣਾ ਆਪੁ ਉਪਾਇਉਨੁ, ਤਦਹੁ ਹੋਰੁ ਨ ਕੋਈ ॥
ਮਤਾ ਮਸੂਰਤਿ ਆਪਿ ਕਰੇ, ਜੋ ਕਰੇ ਸੁ ਹੋਈ॥
ਤਦਹੁ ਆਕਾਸੁ ਨ ਪਤਾਲੁ ਹੈ ਨਾ ਤ੍ਰੈ ਲੋਈ॥
ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ॥"

(ਗੂਜਰੀ ਕੀ ਵਾਰ ਮ: ੩)

ਇਥੇ ਭੀ ਮਿ: ਮੈਕਾਲਿਫ ਅਤੇ ਕਈ ਹੋਰਨਾਂ ਨੇ "ਆਪਣਾ ਆਪੁ ਉਪਾਇਓਨੁ" ਦੇ ਅਰਥ ਭੁਲਕੇ ਇਹ ਕੀਤੇ ਹਨ ਕਿ ਵਾਹਿਗੁਰੂ ਨੇ ਆਪਣੇ ਆਪ ਰਚਨਾ ਰਚੀ। ਪਰ ਇਹ ਨਹੀ ਵੇਖਿਆ ਕੀ ਤਲਵੀਆਂ ਤੁਕਾਂ ਵਿਚ ਇਹਦੇ ਉਲਟ ਦੱਸਿਆ ਹੈ ਕਿ ਉਸ ਵੇਲੇ ਨਾ ਅਕਾਸ਼ ਸੀ, ਨਾ ਪਤਾਲ ਸੀ। ਬਲਕਿ ਉਤਪਤੀ ਹੀ ਨਹੀ ਸੀ। ਫਿਰ ਪਤਾ ਨਹੀ 'ਆਪਣਾ ਆਪ' ਦੇ ਅਰਥ 'ਆਪਣੇ ਆਪਿ' ਕਿਸ ਤਰਾਂ ਕਰ ਦਿੰਦੇ ਹਨ! ਇਥੇ ਅਰਥ ਸਾਫ ਹੈ ਕਿ ਵਾਹਿਗੁਰੂ ਨੇ ਆਪਣੇ ਆਪ ਨੂੰ ਪੈਦਾ ਕੀਤਾ।

ਖੁਦਿ – "ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ॥" (ਤਿਲੰਗ ਮ: ੫)

3.0 ਸਿਹਾਰੀ ਨੂੰ ਦੀਰਘ ਮਾਤ੍ਰ ਵਾਸਤੇ (Sihari for Greater Matr)

ਕਈ ਵੇਰ ਜਦ ਕਵਿਤਾ ਦੀ ਲੋੜ ਅਨੁਸਾਰ ਲ਼ੰਮੀ ਆਵਾਜ਼ ਨੂੰ ਛੋਟੀ ਕਰਨਾ ਪੈਂਦਾ ਹੈ ਤਾਂ ਸਿਹਾਰੀ ਹੋਰਨਾਂ ਲਗਾਂ ਮਾਤ੍ਰਾਂ ਦੀ ਥਾਂ ਭੀ ਵਰਤੀ ਜਾਂਦੀ ਹੈ।

Sometimes sihari is used in replacement of great matr (bihari, laav, etc.) to match the count of matras in accordance to peotry rules.

ਬਿਹਾਰੀ ਦੀ ਥਾਂ: – ਚਾਲਸਿ=ਚਾਲਸੀ, ਉਤਰਸਿ=ਉਤਰਸੀ, ਤੁਟਸਿ=ਤੁਟਸੀ, ਪਕਰਸਿ=ਪਕੜਸੀ, ਹੋਵਗਿ=ਹੋਵੇਗੀ, ਵਜਗਿ=ਵੱਜੇਗੀ, ਆਵਗਿ=ਆਵੇਗੀ, ਬਾਣਿ=ਬਾਣੀ, ਸਭਿ=ਸਭੀ, ਹਸਤਿ=ਹਸਤੀ, ਲੇਖਣਿ=ਲੇਖਣੀ, ਮੇਦਨਿ=ਮੇਦਨੀ, ਬਲਿ=ਬਲੀ,ਭਿ=ਭੀ, ਜਨਨਿ=ਜਨਨੀ,ਰੋਮਾਵਲਿ=ਰੋਮਾਵਲੀ, ਮਣਿ=ਮਣੀ,ਦੁਬਲਿ=ਦੁਬਲੀ।

ਚੇਰਿ=ਚੇਰੀ: – "ਅਨਿਕ ਮਾਇਆ ਹੈ ਤਾ ਕੀ ਚੇਰਿ॥" (ਰਾਮਕਲੀ ਮ: ੫)

ਪੰਖਿ=ਪੰਖੀ: – "ਜੈਸੇ ਤਰਵਰ ਪੰਖਿ ਬਸੇਰਾ॥" (ਸੋਰਠਿ ਰਵਿਦਾਸ)

ਦਰਬਾਰਿ=ਦਰਬਾਰੀ: – "ਮੇਟੀ ਜਾਤਿ, ਹੂਏ ਦਰਬਾਰਿ॥" (ਗੋਂਡ ਰਵਿਦਾਸ)

ਸੁਆਮਿ=ਸੁਆਮੀ: – "ਮਾਤ ਪਿਤਾ ਸੁਆਮਿ ਸਜਣੁ ਸਭੁ ਜਗਤੁ ਬਾਲ ਗੁਪਾਲਾ॥" (ਵਡਹੰਸੁ ਮ: ੫)

ਗੋਦਾਵਰਿ=ਗੋਦਾਵਰੀ – "ਗੰਗਾ ਜਉ ਗੋਦਾਵਰਿ ਜਾਈਐ॥" (ਰਾਮਕਲੀ ਨਾਮਦੇਵ)

ਬਾਵਲਿ=ਬਾਵਲੀ – "ਬਾਵਲਿ ਹੋਈ ਸੋ ਸਹੁ ਲੋਰਉ॥" (ਸੂਹੀ ਫਰੀਦ)

ਦਾਸਿ=ਦਾਸੀਂ=ਦਾਸਾਂ ਨੇ – "ਹਰਿ ਸੁਖ ਨਿਧਾਨ ਨਾਨਕ ਦਾਸਿ ਪਾਇਆ॥" (ਧਨਾਸਰੀ ਮ: ੫)

ਸੁਰਿ, ਮੁਨਿ = ਸੁਰੀ, ਮੁਨੀ – "ਆਖਹਿ ਸੁਰਿ ਨਰ ਮੁਨਿ ਜਨ ਸੇਵ॥" (ਜਪੁ ਜੀ)
ਅਰਥਾਤ, ਸੁਰਿ ਨਰ ਅਤੇ ਮੁਨੀ ਜਨ। ਇਥੇ 'ਸੁਰਿ' ਅਤੇ 'ਮੁਨਿ'

ਵਿਸ਼ੇਸ਼ਣ ਹਨ ਨਰ ਅਤੇ ਜਨ ਦੇ।

"ਸੁਣਿਐ ਸਿਧ ਪੀਰ ਸੁਰਿ ਨਾਥ॥" (ਜਪੁ ਜੀ)
'ਸੁਰਿ' ਦਾ ਅਰਥ ਦੇਵਤਾ ਹੈ।

ਲਾਂ ਦੀ ਥਾਂ: – "ਨੇਰਿ=ਨੇੜੇ: "ਕੋਟਿ ਬਿਘਨ ਨਹੀ ਆਵਹਿ ਨੇਰਿ॥"(ਰਾਮਕਲੀ ਮ: ੫)

ਚਾਰਿ=ਚਾਰੇ: – "ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜਹਿ ਜੁਗ ਚਾਰਿ॥"
(ਮ: ੩, ਵਾਰ ਸੋਰਠਿ)
"ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ॥"
(ਆਸਾ ਮ: ੩)
"ਚਚੈ ਚਾਰੇ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰ ਜੁਗਾ॥" (ਆਸਾ ਮ: ੧)
ਜਿਥੇ 'ਚਾਰ' ਉੱਤੇ ਜੋਰ ਨਹੀ ਹੁੰਦਾ , ਉਥੇ ਲਾਂ ਜਾਂ ਸਿਹਾਰੀ ਨਹੀ ਆਉਂਦੀ:
"ਚਾਰ ਪਦਾਰਥ ਜੇ ਕੋ ਮਾਗੈ॥" (ਸੁਖਮਨੀ)

ਤਲਿ=ਤਲੇ: – "ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ॥"
(ਮ: ੩, ਵਾਰ ਵਡਹੰਸ)

ਕਿੰਨਿ=ਕਿੰਨੇ: – "ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥" (ਆਸਾ)

ਛੋਟੇ ਯਯੇ ਦੀ ਥਾਂ: – ਸਾਸਤ੍ਰਿ=ਸਾਸਤ੍ਰਗਜ, ਧੰਨਿ=ਧੰਨਜ, ਸਤਿ=ਸਤਜ।

4.0 ਬਿਹਾਰੀ (Bihari)

4.1 ਬਹੁਬਚਨ (Plural)

ਬਿਹਾਰੀ ਬਹੁਵਚਨ ਨਾਵਾਂ ਦੇ ਅੰਤ ਵਿਚ ਸੰਬੰਧਕੀ ਅਰਥ ਦਿੰਦੀ ਹੈ।

The Bihari on the last consonant is usually used for plural words as preposition.

ਸਿਖੀ=ਸਿੱਖਾਂ ਨੇ – "ਸਿਖੀ ਸਿਖਿਆ ਗੁਰ ਵੀਚਾਰਿ॥" (ਆਸਾ ਦੀ ਵਾਰ)

ਪੁਤ੍ਰੀ=ਪੁਤ੍ਰਾਂ ਨੇ – "ਪੁਤ੍ਰੀ ਕਉਲੁ ਨ ਪਾਲਿਓ॥" (ਵਾਰ ਸੱਤਾ)

ਅਖੀ=ਅੱਖਾਂ ਨੂੰ – "ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥"

ਕੰਨੀ=ਕੰਨਾਂ ਨੂੰ – "ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥"(ਆਸਾ ਦੀ ਵਾਰ)

ਉਪਾਵੀ=ਉਪਾਵਾਂ ਨਾਲ – "ਅਨਿਕ ਉਪਾਵੀ ਰੋਗੁ ਨ ਜਾਇ॥" (ਸੁਖਮਨੀ)

ਨੇਤ੍ਰੀ=ਨੇਤ੍ਰਾਂ ਨਾਲ – "ਇਨੀ ਨੇਤ੍ਰੀ ਜਗਤੁ ਨਿਹਾਲਿਆ॥" (ਆਸਾ ਦੀ ਵਾਰ)

ਅਖਰੀ=ਅਖੱਰਾਂ ਨਾਲ – "ਅਖਰੀ ਲਿਖਣੁ ਬੋਲਣੁ ਬਾਣਿ॥" (ਜਪੁ ਜੀ)

ਥਣੀ=ਥਣਾਂ ਕਰਕੇ – "ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥"
(ਮਹਲਾ ੧, ਸਲੋਕ ਵਾਰਾਂ ਤੇ ਵਧੀਕ)

ਅਵਤਾਰੀ=ਅਵਤਾਰਾਂ ਵਿਚ – "ਕਿਸਨੁ ਸਦਾ ਅਵਤਾਰੀ ਰੂਧਾ...॥" (ਵਡਹੰਸੁ ਮ: ੩)

4.2 ਕਿਰਿਆ ਵਾਚਕ (Deed)

ਉਸ ਕਿਰਿਆ ਦੇ ਅੰਤ ਵਿਚ ਜਿਸ ਦੇ ਅਰਥ ਹੋਣ, ਮੈਂ ਕਰਾਂ ਜਾਂ ਕਰਦਾ ਹਾਂ, ਆਦਿਕ–
Bihari is also used in verbs.

ਸੋਚੀ=ਮੈਂ ਸੋਚਾਂ – "ਜੇ ਸੋਚੀ ਲਖ ਵਾਰ॥" (ਜਪੁ ਜੀ)

ਕਰੀ=ਮੈਂ ਕਰਾਂ – "ਕੰਚਨ ਕੇ ਕੋਟ ਦਤੁ ਕਰੀ॥" (ਸ੍ਰੀ ਰਾਗੁ ਮ: ੧)

ਠਗੀ=ਮੈਂ ਠੱਗਦਾ ਹਾਂ – "ਹਉ ਠਗਵਾੜਾ ਠਗੀ ਦੇਸੁ॥" (ਸ੍ਰੀ ਰਾਗ ਮ: ੧)
ਡਾ. ਟ੍ਰੰਪ ਨੇ ਇਸ ਤੁਕ ਦੇ ਅਰਥ ਕੀਤੇ ਹਨ ਕਿ ਮੈ ਠੱਗਾਂ ਦੇ ਦੇਸ਼ ਵਿਚ ਇਕ ਠੱਗ ਹਾਂ। ਮੈਕਾਲਿਫ ਨੇ ਭੀ ਇਸ ਅਰਥ ਨੂੰ ਪਰਵਾਨ ਕੀਤਾ ਹੈ।

ਤੋਲੀ=ਮੈਂ ਤੋਲਾਂ – "ਘਟ ਹੀ ਭੀਤਰਿ ਸੋ ਸਹੁ ਤੋਲੀ...॥" (ਸੂਹੀ ਮ: ੧)

4.3 ਸਿਹਾਰੀ ਦੀ ਥਾਂ (In Replacement of Sihari)

ਕਦੀ ਕਦੀ ਉਸ ਸਿਹਾਰੀ ਦੇ ਅਰਥ ਦਿੰਦੀ ਹੈ:–
Sometimes bihari reflect the meaning of sihari;

ਲਹਨੀ=ਲਹਨਿ ਲੈਂਦੇ – "ਨਾਨਕ ਕਰਮਾਂ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ॥" (ਆਸਾ ਦੀ ਵਾਰ)

ਜਾਣਨੀ=ਜਾਣਨਿ,ਜਾਣਦੇ – "ਮੂਰਖ ਸਚੁ ਨ ਜਾਣਨੀ॥" (ਆਸਾ ਦੀ ਵਾਰ)

ਚੇਤਨੀ=ਚੇਤਨਿ,ਚੇਤਦੇ – "ਨਾਨਕ ਨਾਮੁ ਨ ਚੇਤਨੀ ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ॥" (ਮ: ੩, ਵਾਰ ਸੋਰਠਿ)

ਚਲਨੀ=ਚਲਨਿ,ਚਲਦੇ – "ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥"(ਸਲੋਕ ਫਰੀਦ)

(ਅ)ਸੰਬੰਧਕੀ ਅਰਥਾਂ ਵਿਚ:–ਨਦਰੀ=ਨਦਰ ਨਾਲ – "ਨਦਰੀ ਮੋਖ ਦੁਆਰੁ॥" (ਜਪੁ ਜੀ)
ਵਿਜੋਗੀ=ਵਿਜੋਗ ਨਾਲ – "ਵਿਜੋਗੀ ਮਿਲਿ ਵਿਛੁੜੇ, ਨਾਨਕ ਭੀ ਸੰਜੋਗ॥" (ਮਾਰੂ ਮ: ੧)

ਬੇਬਾਣੀ=ਬੇਬਾਣ ਵਿਚ – "ਰਹੈ ਬੇਬਾਣੀ ਮੜੀ ਮਸਾਣੀ॥" (ਆਸਾ ਦੀ ਵਾਰ)

ਮਸਾਣੀ=ਮਸਾਣ ਵਿਚ ਗੁਰ ਪਰਸਾਦੀ=ਗੁਰੂ ਦੇ ਪਰਸਾਦਿ ਨਾਲ:
"ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ...॥" (ਅਨੰਦੁ)

5.0 ਔਂਕੜ (Aungkar)

ਔਂਕੜ ਇਕ-ਵਚਨ (Singular) ਹੋਣ ਦੀ ਨਿਸ਼ਾਨੀ ਹੈ। ਪੁਲਿੰਗ ਨਾਂਵ ਜਦ ਇਕ-ਵਚਨ ਹੋਵੇ ਤਾਂ ਉਸ ਦੇ ਅੰਤਲੇ ਅੱਖਰ ਤਲੇ ਔਂਕੜ ਹੁੰਦਾ ਹੈ। ਇਸ ਨਾਂਵ ਦਾ ਜੋ ਵਿਸ਼ੇਸ਼ਣ ਹੋਵੇ, ਉਸ ਦੇ ਅੰਤ ਵਿਚ ਭੀ ਔਂਕੜ ਹੁੰਦਾ ਹੈ ਜਿਵੇਂ:-

Aungkar is used to define a singular word. When plural noun is a singular then the last consonant comes with an aungkar.the adjective of this noun also comes with an aungkar on the last consonant.

ਇਹੁ ਸਰੀਰੁ: "ਇਹੁ ਸਰੀਰੁ ਕਰਿ ਡੰਡੀ ॥" (ਰਾਮਕਲੀ ਮ: ੩)
ਕਮਲ ਨਿਰਾਲਮੁ: "ਜੈਸੇ ਜਲ ਮਹਿ ਕਮਲੁ ਨਿਰਾਲਮੁ ॥" (ਸਿਧ ਗੋਸਟਿ)
ਅਮੁਲੁ ਧਰਮੁ: "ਅਮੁਲੁ ਧਰਮੁ ਅਮੁਲੁ ਦੀਬਾਣੁ ॥" (ਜਪੁ)

6.0 ਭੂਤ ਕਾਲ ਕਿਰਿਆ (Past Tense)

ਸਾਧਾਰਣ ਭੂਤ ਕਾਲ ਕਿਰਿਆ (Past Tense) ਜਿਹਦੇ ਅੰਤ ਵਿਚ ਨੰਨਾਂ ਹੋਵੇ ਅਤੇ ਜਿਹਦਾ ਕਰਤਾ ਇਕ-ਵਚਨ ਅਨਜ ਪੁਰਖ ਹੋਵੇ ਉਹਦੇ ਨੰਨੇ ਤਲੇ ਔਂਕੜ ਜਰੂਰ ਹੁੰਦਾ ਹੈ।

A normal past tense which appears with 'ਨ' and the composer is singular third person, the last consonant 'ਨ' comes with an aungkar.

ਬਖਸਿਅਨਿ, ਉਤਾਰਿਅਨੁ=ਉਸ ਨੇ ਬਖਸ਼ੇ,ਉਸ ਨੇ ਉਤਾਰੇ:
"ਕਉਣ ਕਉਣ ਅਪਰਾਧੀ ਬਖਸਿਅਨੁ, ਪਿਆਰੇ ਸਾਚੈ ਸਬਦਿ ਵਿਚਾਰਿ॥

ਭਉਜਲੁ ਪਾਰਿ ਉਤਾਰਿਅਨੁ, ਭਾਈ, ਸਤਿਗੁਰ ਬੇੜੈ ਚਾੜਿ॥" (ਸੋਰਠਿ ਮਹਲਾ ੩)

ਰਖਿਅਨੁ=ਉਸ ਨੇ ਰੱਖੇ – "ਜੋ ਧੁਰਿ ਰਖਿਅਨੁ ਮੇਲਿ ਮਿਲਾਇ॥" (ਧਨਾਸਰੀ ਮ: ੩)

ਰਿੜਕਿਓਨੁ=ਉਸ ਨੇ ਰਿੜਕਿਆ – "ਮਾਧਾਣਾ ਪਰਬਤੁ ਕਰਿ, ਨੇਤ੍ਰਿ ਬਾਸਕੁ, ਸਬਦਿ ਰਿੜਕਿਓਨੁ॥" (ਵਾਰ ਸੱਤਾ ਬਲਵੰਡ)

ਲਇਅਨੁ, ਲਾਇਓਨੁ – "ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ॥" (ਸਿਰੀ ਰਾਗੁ ਮ: ੩)

ਨਿਕਾਲਿਅਨੁ=ਉਸ ਨੇ ਨਿਕਾਲੇ – "ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ॥" (ਵਾਰ ਸੱਤਾ ਬਲਵੰਡ)

"ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ॥
ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ॥" (ਵਡਹੰਸ ਮ: ੩)

ਇਥੇ 'ਪਰਖੀਅਨਿ' ਦੇ ਅਰਥ 'ਪਰਖੇ ਜਾਂਦੇ ਹਨ' ਹੈ। ਜੇ ਇਸ ਦੇ ਅਰਥ 'ਉਸ ਨੇ ਪਰਖੇ' ਹੁੰਦੇ, ਤਾਂ ਇਹ ਸ਼ਬਦ 'ਪਰਖਿਅਨੁ' ਹੁੰਦਾ, ਅਰਥਾਤ, ਇਹਦੇ ਖੱਖੇ ਨਾਲ ਸਿਹਾਰੀ ਅਤੇ ਨੰਨੇ ਨਾਲ ਔਂਕੜ ਹੁੰਦਾ।

7.0 ਅਨੁਮਤਯਾਰਥ ਲਕਾਰ (Imperative Mood)

ਕਈ ਵੇਰ ਪ੍ਰਤੱਖ ਅਨੁਮਤਯਾਰਥ ਲਕਾਰ (Imperative Mood) ਵਾਲੇ ਕਿਰਿਆ ਸ਼ਬਦ ਦੇ ਅੰਤ ਵਿਚ ਔਂਕੜ ਆਉਂਦਾ ਹੈ। ਜਿਵੇਂ:-

Sometimes the obvious imperative mood verbs ends with an aungkar on the last consonant, as follows;

ਦੇਹੁ – "ਆਵਹੁ ਮਿਲਹੁ ਸਹੇਲੀਓ ਮੈ ਪਿਰੁ ਦੇਹੁ ਮਿਲਾਇ॥" (ਸਿਰੀ ਰਾਗੁ ਮ: ੩)

ਚਲੁ – "ਮੁੰਧੇ ਤੂ ਚਲੁ ਗੁਰ ਕੈ ਭਾਇ॥" (ਸਿਰੀ ਰਾਗੁ ਮ: ੩)

ਪਰੁ – "ਤਿਸ ਕੀ ਸਰਨੀ ਪਰੁ ਮਨਾ॥" (ਸਿਰੀ ਰਾਗੁ ਮ: ੫)

8.0 ਮੂਲਿਕ ਔਂਕੜ (Original Auangkar)

ਕਈ ਅਜਿਹੇ ਸ਼ਬਦ ਹਨ ਜਿਨ੍ਹਾਂ ਦੇ ਅੰਤ ਵਿਚ ਔਂਕੜ ਮੂਲਿਕ ਅੰਗ ਹੋਣ ਕਰਕੇ ਆਉਦਾ ਹੈ।

There some words which ends with an aungkar as the original syllable reflecting the word.

ਕਿਤੁ, ਸਭਤੁ, ਬਿਨੁ, ਬਹੁਤੁ, ਇਕਤੁ, ਬਿੰਦੁ, ਆਦਿਕ।

ਕਈ ਇਸਤ੍ਰੀ ਲਿੰਗ ਨਾਂਵ ਹਨ, ਜਿਨ੍ਹਾਂ ਦੇ ਅੰਤ ਮੂਲਿਕ ਔਂਕੜ ਹੁੰਦਾ ਹੈ ਜੋ ਕਿਸੇ ਹਾਲਤ ਵਿਚ ਲਹਿੰਦਾ ਹੀ ਨਹੀ ਜਿਵੇਂ:–

There are also some faminine noun words which comes along with the original aungkar, as follows;

ਧਾਤੁ – "ਧਾਤੁ ਮਿਲੈ ਫੁਨਿ ਧਾਤੁ ਕਉ...॥" (ਸਿਰੀ ਰਾਗੁ ਮ: ੧)

ਬਿਖੁ – "ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ॥" (ਸਿਰੀ ਰਾਗੁ ਮ: ੩)

ਰਤੁ – "ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ॥" (ਗਉੜੀ ਮ: ੪)
ਇਸੇ ਤਰਾਂ ਮਲੁ, ਮਸੁ, ਵਸਤੁ, ਵਥੁ, ਰੇਣੁ, ਧੇਨੁ, ਕਲਤੁ ਆਦਿਕ ਇਸਤ੍ਰੀ–ਲਿੰਗ ਨਾਂਵ ਔਂਕੜ ਨਾਲ ਆਉਂਦੇ ਹਨ।

ਗੁਰਬਾਣੀ ਵਿਆਕਰਣ

Gurbani Viakaran

MODULE 7

Content

39.0 'ਹ' ਨੂੰ ਔਂਕੜ (Aungkar on 'ਹ')
39.1 ਨਾਂਵ (Noun) ਸ਼ਬਦ
39.2 ਕਿਰਿਆ (Verb) ਸ਼ਬਦ

40.0 ਦੁਲੈਂਕੜ (Dulangkar)
40.1 ਨਾਂਵ ਤੇ ਸੰਬੰਧਕੀ ਸ਼ਬਦ (Noun & Preposition)
40.2 ਸੰਬੰਧਕੀ ਸ਼ਬਦ (Preposition Word)
40.3 ਹੋੜੇ ਦੀ ਥਾਂ (In replacement to Hora)

41.0 ਲਾਂ (Laa'n)

42.0 ਦੁਲਾਈਆਂ (Dulaava)
42.1 ਸਥਾਨਵਾਚਕ (Defining Place)
42.2 ਨਾਂਵ (Noun)
42.3 ਵਿਸ਼ੇਸ਼ਣ (Adjective)
42.4 ਕਿਰਿਆ (Verb)

43.0 ਕਨੌੜਾ (Kenora)

1.0 'ਹ' ਨੂੰ ਔਂਕੜ (Aungkar on 'ਹ')

1.1 ਨਾਂਵ (Noun) ਸ਼ਬਦ

	ਇਕੱਲਾ 'ਹ'	ਦੂਹਰਾ 'ਹ'
੧.	ਰਾਹੁ	ਰਾਹਹੁ
੨.	ਸਿਆਹੁ	ਸਿਆਹਹੁ
੩.	ਸਾਹੁ	ਸਾਹਹੁ

ਇਕੱਲਾ 'ਹ' ਥੱਲੇ ਅੰਕਤ ਔਂਕੜ ਕਰਤਾ (creator) ਕਾਰਕ (case) ਅਤੇ ਕਰਮ (subject) ਕਾਰਕ ਦਾ ਇਕ–ਵਚਨੀ (singular) ਕਾਰਕ–ਚਿੰਨ੍ਹ ਹੈ, ਜਿਸ ਦਾ ਉਚਾਰਣ ਨਾਸਕਤਾ (nasal sound) ਤੋਂ ਬਗੈਰ ਹੈ, ਜਦ ਕਿ ਦੂਹਰੇ 'ਹ' ਦੇ ਸ਼ਬਦ ਵਿਚ ਅੰਤਲਾ 'ਹੁ' ਅਪਾਦਾਨ ਕਾਰਕ (Ablative*) ਦਾ ਇਕ–ਵਚਨੀ (singular) ਕਾਰਕ–ਚਿੰਨ੍ਹ ਹੈ। [*(Ablative :- denoting a case of nouns, pronouns, and adjectives indicating the agent in passive sentences or the instrument, manner, or place of the action described by the verb)

1.2 ਕਿਰਿਆ (Verb) ਸ਼ਬਦ

	ਇਕੱਲਾ 'ਹ'	ਦੂਹਰਾ 'ਹ'
੧.	ਕਹੁ	ਕਹਹੁ
੨.	ਬਹੁ	ਬਹਹੁ
੩.	ਰਹੁ	ਰਹਹੁ
੪.	ਸਹੁ	ਸਹਹੁ

ਇਕੱਲਾ 'ਹ' ਥੱਲੇ ਅੰਕਤ ਔਂਕੜ ਹੈ ਜਿਸ ਦੁਆਰਾ ਧਾਤੂਆਂ ਤੋਂ ਹੁਕਮੀ ਭਵਿੱਖਤ ਕਾਲ (future tense), ਮੱਧਮ ਪੁਰਖ, ਇਕ-ਵਚਨ ਦੀਆਂ ਕਿਰਿਆਂ ਬਣੀਆਂ ਹਨ, ਜਦ ਕਿ ਦੂਹਰੇ 'ਹ' ਦੇ ਸ਼ਬਦ ਵਿਚ ਅੰਤਲਾ 'ਹੁ' ਜਿਸ ਦੁਆਰਾ ਧਾਤੂਆਂ ਤੋਂ ਹੁਕਮੀ ਭਵਿੱਖਤ ਕਾਲ, ਮੱਧਮ ਪੁਰਖ, ਬਹੁ-ਵਚਨ (plural) ਦੀਆਂ ਕਿਰਿਆਂ ਬਣੀਆਂ ਹਨ ।

2.0 ਦੁਲੈਂਕੜ (Dulangkar)

2.1 ਨਾਂਵ ਤੇ ਸੰਬੰਧਕੀ ਸ਼ਬਦ (Noun & Preposition)

ਕਿਸੇ ਨਾਂਵ ਨਾਲ ਜਦ ਉਸ ਦੇ ਪਿੱਛੇ ਸੰਬੰਧਕੀ ਪਦ ਵਰਤਿਆ ਜਾਣਾ ਹੋਵੇ, ਹੁਣ ਤੱਕ ਪੋਠੋਹਾਰ ਵਿਚ ਕਹਿੰਦੇ ਹਨ, ਖੰਡੂ ਨੇ ਖਿਡਾਵਣੇ, ਰੇਤੂ ਨੇ ਫੱਕੇ, ਮਾਊ ਕੀ ਆਖ।
When a noun is followed by preposition then dulangkar end the word.

ਵਸਤੂ – "ਵਸਤੂ ਅੰਦਰਿ ਵਸਤੁ ਸਮਾਵੈ॥" (ਆਸਾ ਦੀ ਵਾਰ)

ਜਿੰਦੂ – "ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥" (ਸਲੋਕ ਫਰੀਦ)

ਖਾਕੂ – "ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥" (ਸਲੋਕ ਫਰੀਦ)
"ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ॥" (ਗੋਂਡ ਮ: ੫)

ਸਸੂ – "ਸਸੂ ਤੇ ਪਿਰਿ ਕੀਨੀ ਵਾਖਿ॥" (ਆਸਾ ਮ: ੫)

ਪੀਯੂ – "ਪੀਯੂ ਦਾਦੇ ਜੇਵਿਹਾ ਪੋਤਾ ਪਰਵਾਣੁ॥" (ਵਾਰ ਸੱਤਾ)

2.2 ਸੰਬੰਧਕੀ ਸ਼ਬਦ (Preposition Word)

ਸੰਬੰਧਕੀ ਅਰਥਾਂ ਵਿਚ:-

The use of dilangkar as preposition;

ਖੇਹੂ=ਖੇਹਿ=ਖੇਹ ਵਿਚ: "ਖੇਹੂ ਖੇਹ ਰਲਾਈਐ॥" (ਸਿਰੀਰਾਗੁ ਮ: ੧)

2.3 ਹੋੜੇ ਦੀ ਥਾਂ (In replacement to Hora)

ਕਈ ਵੇਰ ਦੁਲੈਂਕੜੇ ਹੋੜੇ ਦੀ ਥਾਂ ਵਰਤੇ ਗਏ ਹਨ। :-

Sometimes dulangkay is used in replacement of Hora

ਅਸਲੂ-ਅਸਲੋਂ, ਜਿਦੂ=ਜਿਦੋਂ: "ਜਿਦੂ ਕਿਛੁ ਗੁਝਾ ਨ ਹੋਇ॥"(ਵਾਰ ਗਉੜੀ ਮ: ੪)

ਤਿਦੂ - "ਮਾਸ ਨ ਤਿਦੂ ਖਾਹਿ॥" (ਸਲੋਕ ਫਰੀਦ)

ਕੂ=ਕੋ - "ਫਰੀਦਾ ਮੈ ਜਾਨਿਆ ਦੁਖੁ ਮੁਝ ਕੂ...॥" (ਸਲੋਕ ਫਰੀਦ)

3.0 ਲਾਂ (Laa'n)

ਸਿਹਾਰੀ ਦੀ ਥਾਂ ਕਈ ਵੇਰ ਲਾਂ ਵਰਤੀ ਗਈ ਹੈ:- ਸਿਹਾਰੀ ਦੀ ਥਾਂ ਕਈ ਵੇਰ ਲਾਂ ਵਰਤੀ ਗਈ ਹੈ:-

Sometimes Laa'n is used to replace sihari and vice-versa;

ਪੜੇ=ਪੜਿ - "ਕਬਿਤ ਪੜੇ ਪੜਿ ਕਬਿਤਾ ਮੂਏ॥" (ਸੋਰਠਿ ਕਬੀਰ)

ਮੁਹੇ=ਮੁਹਿ - "ਮੁਹੇ ਮੁਹਿ ਚੋਟਾ ਖਾਇ॥" (ਸਿਰੀ ਰਾਗੁ ਮ: ੧)

ਕੂੜੇ=ਕੂੜਿ=ਕੂੜ ਵਿਚ - "ਅਸੰਖ ਕੂੜਿਆਰ ਕੂੜੇ ਫਿਰਾਹਿ॥" (ਜਪੁ ਜੀ)

ਦਰੇ=ਦਰਿ - "ਹਰਿ ਦਰੇ ਹਰਿ ਦਰਿ ਸੋਹਨਿ ਤੇਰੇ ਭਗਤ ਪਿਆਰੇ ਰਾਮ॥"(ਆਸਾ ਮ: ੫)

ਸੰਸਾਰੇ=ਸੰਸਾਰਿ – "ਸੰਤੋਖੁ ਭਇਆ ਸੰਸਾਰੇ॥" (ਸੋਰਠਿ ਮ: ੫)

ਸੰਗੇ=ਸੰਗਿ – "ਪੇਖਤ ਸੁਨਤ ਸਦਾ ਹੈ ਸੰਗੇ, ਮੈ ਮੂਰਖ ਜਾਨਿਆ ਦੂਰੀ ਰੇ॥"(ਸੋਰਠਿ ਮ: ੫)

ਸਾਥੇ=ਸਾਥਿ – "ਨਾਨਕ ਪ੍ਰਭੁ ਮੇਰੈ ਸਾਥੇ॥" (ਸੋਰਠਿ ਮ: ੫)

ਧੁਰੇ=ਧੁਰਿ – "ਸੋਈ ਵਰਤੈ ਜਗਿ ਜਿ ਕੀਆ ਤੁਧੁ ਧੁਰੇ॥" (ਮ: ੫ ਵਾਰ ਗੂਜਰੀ)

ਉਪਰੇ=ਉਪਰਿ – "ਮੁਖੁ ਤਲੈ ਪੈਰੁ ਉਪਰੇ ਵਸੰਦੋ ਕੁਹਥੜੈ ਥਾਇ॥" (ਵਾਰ ਜੈਤਸਰੀ ਮ: ੫)

ਬ੍ਰਹਮੰਡੇ,ਪਿੰਡੇ=ਬ੍ਰਹਮੰਡ, ਪਿੰਡ – "ਜੋ ਬ੍ਰਹਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ॥" (ਧਨਾਸਰੀ ਪੀਪਾ)

ਕੁੰਭੇ=ਕੁੰਭਿ: – "ਕੁੰਭੇ ਬਧਾ ਜਲੁ ਰਹੈ॥" (ਆਸਾ ਦੀ ਵਾਰ)

ਅੰਤੇ=ਅੰਤਿ: – "ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥" (ਸਦੁ ਸੁੰਦਰ)

4.0 ਦੁਲਾਈਆਂ (Dulaava)

4.1 ਸਥਾਨਵਾਚਕ (Defining Place)

ਕਈ ਵੇਰ ਇਹ ਲਗ ਸਥਾਨਵਾਚਕ ਸੰਬੰਧਕੀ ਅਰਥਾਂ ਵਿਚ ਵਰਤੀ ਜਾਂਦੀ ਹੈ। ਇਹ ਨਰੋਲ ਪੰਜਾਬੀ ਮੁਹਾਵਰਾ ਹੈ ਅਤੇ ਪੋਠੋਹਾਰ ਵਿਚ ਹੁਣ ਤੱਕ ਵਰਤਿਆ ਜਾਂਦਾ ਹੈ। ਜਿਵੇਂ, ਉਹ ਕੋਠੇ ਚੜ੍ਹਿਆ ਹੈ, ਜਾਂ ਢੋਕੈ ਗਿਆ ਹੈ।

Sometimes this syllable is used as preposition for a place.

ਦੂਜੈ=ਦੂਜੇ ਨਾਲ ਜਾਂ ਨੂੰ – "ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥" (ਆਸਾ ਦੀ ਵਾਰ)

ਰਿਦੈ=ਰਿਦੇ ਵਿਚ – "ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥" (ਆਸਾ ਦੀ ਵਾਰ)

ਮੰਦੈ=ਮੰਦ ਵਿਚ – ਓਨ੍ਹੀ ਮੰਦੈ ਪੈਰੁ ਨ ਰਖਿਓ...॥" (ਆਸਾ ਦੀ ਵਾਰ)

ਰੈਨੜੀਐ=ਰੈਨ ਵਿਚ – "ਭਿੰਨੀ ਰੈਨੜੀਐ ਚਮਕਨਿ ਤਾਰੇ॥" (ਆਸਾ ਮ: ੫)

ਜੰਗੀਐ=ਜੰਘਾਂ ਨਾਲ – "ਫਰੀਦਾ ਇਨੀ ਨਿਕੀ ਜੰਗੀਐ ਥਲ ਡੂੰਗਰ ਭਵਿਓਮ੍ਹਿ॥" (ਸਲੋਕ)

ਕਹਣੈ=ਕਹਣ ਨਾਲ – "ਕਹਣੈ ਕਥਨਿ ਨ ਭੀਜੈ ਗੋਬਿੰਦੁ॥" (ਸੋਰਠਿ ਮ: ੫)

ਸੂਐ=ਸੂਏ ਉੱਤੇ – "ਸੂਐ ਚਾੜਿ ਭਵਾਈਅਹਿ ਜੰਤ॥" (ਆਸਾ ਦੀ ਵਾਰ)

ਨਾਰਾਇਣੈ=ਨਾਰਾਇਣ ਪਾਸਿ – "ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥" (ਬਾਰਹ ਮਾਹਾ ਮਾਝ ਮ: ੫)
ਇਸੇ ਤਰ੍ਹਾਂ ਚਉਕੈ, ਮਥੈ, ਪੇੜੈ, ਸੰਜੈ, ਲੇਖੈ, ਤ੍ਰੇਤੈ, ਪਿਛੈ, ਅਗੈ, ਤਲੈ, ਘੋੜਤੈ, ਗੰਠੜੀਐ, ਸੁਖੈ, ਰਾਮਦਾਸੈ, ਆਦਿਕ।

4.2 ਨਾਂਵ (Noun)

ਕਿਸੇ ਨਾਂਵ ਦੇ ਅੰਤ ਵਿਚ, ਜਿਹਦੇ ਨਾਲ ਸੰਬੰਧਕੀ ਸ਼ਬਦ ਵਰਤਿਆ ਜਾਣਾ ਹੋਵੇ:–
At the end of noun where preposition word is used;

ਘਰੈ – "ਘਰੈ ਅੰਦਰਿ ਸਭੁ ਵਥੁ ਹੈ॥" (ਆਸਾ ਮ: ੩)

ਨਾਵੈ – "ਸਭ ਨਾਵੈ ਨੋ ਲੋਚਦੀ॥" (ਆਸਾ ਮ: ੩)
"ਹਉਮੈ ਨਾਵੈ ਨਾਲਿ ਵਿਰੋਧੁ ਹੈ॥" (ਵਡਹੰਸੁ ਮ: ੩)

4.3 ਵਿਸ਼ੇਸ਼ਣ (Adjective)

ਜਦ ਕਿਸੇ ਨਾਂਵ ਨਾਲ ਉੱਤੇ ਦੱਸੇ ਗੁਣਾਂ ਵਾਲੀ ਸਿਹਾਰੀ (ਜਾਂ ਦੁਲਾਈਆਂ) ਲੱਗੀ ਹੋਵੇ ਤਾਂ ਉਸ ਦੇ ਵਿਸ਼ੇਸ਼ਣ ਦੇ ਅੰਤ ਵਿਚ ਲਾਂ ਦੀ ਥਾਂ ਦੁਲਾਂਈਆਂ ਆਵਣਗੀਆਂ।

When a noun is appears with an Sihari (or Dulavaa) as mentioned above, the following adjective will end with dulavaa instead of Laa’n.

ਅੰਧੈ – “ਮੂਰਖਿ ਅੰਧੈ ਪਤਿ ਗਵਾਈ॥” (ਆਸਾ ਦੀ ਵਾਰ)

ਪੂਰੈ – “ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ॥” (ਮ: ੪, ਵਾਰ ਬਿਲਾਵਲ)
“ਸਤਿਗੁਰਿ ਪੂਰੈ ਸੇਵਿਐ ਦੂਖਾ ਕਾ ਹੋਇ ਨਾਸੁ॥” (ਵਾਰ ਗਉੜੀ ਮ: ੫)

ਭੀੜੈ – “ਰਾਹਿ ਭੀੜੈ ਅਗੈ ਜਾਵਣਾ॥” (ਆਸਾ ਦੀ ਵਾਰ)

ਭੀਹਾਵਲੈ – “ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ॥” (ਮ: ੫,ਵਾਰ ਗੂਜਰੀ)

ਸਬਾਇਐ – “ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥” (ਸਲੋਕ ਫਰੀਦ)

ਮੇਰੈ – “ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ॥” (ਮ: ੫,ਵਾਰ ਗਉੜੀ)

ਤੇਰੈ – “ਭਗਤ ਤੇਰੈ ਮਨਿ ਭਾਵਦੇ...॥” (ਆਸਾ ਦੀ ਵਾਰ)
ਭਗਤ ਲੋਕ ਤੇਰੇ ਮਨ ਨੂੰ ਭਾਂਵਦੇ ਹਨ। ਇਹਦਾ ਇਹ ਅਰਤ ਨਹੀ ਕਿ ਤੇਰੇ ਭਗਤ ਮਨ ਨੂੰ ਭਾਉਂਦੇ ਹਨ।
“ਤੇਰੈ ਭਰੋਸੈ, ਪਿਆਰੇ, ਮੈ ਲਾਡ ਲਡਾਇਆ॥” (ਸਿਰੀ ਰਾਗੁ ਮ: ੫)

ਪਰਾਇਐ – “ਫਰੀਦਾ ਬਾਰਿ ਪਰਾਇਐ ਬੈਸਣਾ ਸਾਈ ਮੁਝੈ ਨ ਦੇਹਿ॥”(ਸਲੋਕ ਫਰੀਦ)

ਕਚੈ – "ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥" (ਸਲੋਕ ਫਰੀਦ)

ਪਹਿਲੈ – "ਪਹਿਲੈ ਪਹਿਰੈ ਫੁਲੜਾ...॥" (ਸਲੋਕ ਫਰੀਦ)

4.4 ਕਿਰਿਆ (Verb)

ਕਿਰਿਆ ਦੇ ਅੰਤ ਵਿਚ ਕਾਰਨਿਕ ਅਰਥਾਂ ਨਾਲ। ਜਿਵੇਂ:

The end of a verb defines the action, as follows;

ਸੁਣਿਐ=ਸੁਣਨ ਕਰਕੇ: – ਖਾਧੈ=ਖਾਣ ਤੋਂ। ਇਸ ਦਾ ਜ਼ਿਕਰ ਸਿਹਾਰੀ ਦੇ ਨੇਮ ੧੪ ਹੇਠਾਂ ਆ ਚੁੱਕਾ ਹੈ।

5.0 ਕਨੌੜਾ (Kenora)

ਕਨੌੜਾ ਕਈ ਥਾਂਈ ਸਥਾਨ-ਵਾਚਕ ਸ਼ੰਬੰਧਕੀ ਦੇ ਤੌਰ ਤੇ ਵਰਤਿਆ ਗਿਆ ਹੈ। ਅਰਥ ਕਰਦਿਆਂ ਇਹਦੇ ਨਾਲ ਬਿੰਦੀ ਲਾ ਲਈਦੀ ਹੈ। ਯਥਾ:-

In some places the word which describes a location the kenora is used as the preposition

ਆਪੌਂ=ਆਪ ਥੋਂ – "ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥" (ਜਪੁ ਜੀ)
ਹੇ ਨਾਨਕ! ਜੇ ਕੋਈ ਮਨੁੱਖ ਕੋਈ ਕਾਰਜ ਆਪਣੇ ਤੋਂ ਹੋਇਆ ਜਾਣੇ, ਤਾਂ ਉਹ ਅਗਲੀ ਦਰਗਾਹ ਜਾ ਕੇ ਚੰਗਾ ਨਹੀਂ ਲੱਗੇਗਾ।

ਮੁਹੌ=ਮੂੰਹ ਤੋਂ – "ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥" (ਜਪੁ ਜੀ)
ਇਸੇ ਤਰ੍ਹਾਂ " ਇਕ ਦੂ ਜੀਭੌ ਲਖ ਹੋਹਿ...॥"
(ਜਪੁ ਜੀ) ਦਾ ਹਾਲ ਹੈ।